SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

59
Jan- March 2026

Happy New Year
2026

- ਸੈਣੀ ਭਵਨ ਦੀਆਂ ਸਰਗਰਮੀਆਂ
- ਮਨੁੱਖਤਾ ਦੇ ਰਾਹ ਦਸੇਰੇ
- ਸਫਲ ਸੈਣੀ ਸਖ਼ਸ਼ੀਅਤਾਂ
- ਸਾਲ 2026 ਦੇ ਨੋਬਲ ਪੁਰਸਕਾਰ ਜੇਤੂ
- ਕਿਵੀ ਦੇਸ਼ ਨਿਊਜ਼ੀਲੈਂਡ ਦੀ ਯਾਤਰਾ
- ਵਜ਼ੀਫਿਆਂ ਦੇ ਦਾਨੀ ਸੱਜਣ
- ਸਿਹਤਮੰਦ ਸਾਹਿਤਿਕ ਰਚਨਾਵਾਂ
- ਮੈਟਰੀਮੋਨੀਅਲਜ਼

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - XVI, Issue - 1

# Saini Sansar

(Quarterly)

Jan. - March 2026

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner (Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Dr. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Make any type of Payment Through QR Code & Inform Saini Bhawan

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 04.01.2026**

# ਸੈਣੀ ਸੰਸਾਰ

ਜਿਲਦ 16, ਅੰਕ 1 | (ਤਿਮਾਹੀ) | ਜਨਵਰੀ - ਮਾਰਚ 2026

**ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ**
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

**ਪ੍ਰਿੰਟਿੰਗ ਪ੍ਰੈਸ**
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

**ਪ੍ਰਕਾਸ਼ਨਾ ਸਥਾਨ**
ਸੈਣੀ ਭਵਨ
ਰੂਪਨਗਰ - 140001 (ਪੰਜਾਬ)

**ਮੁੱਖ ਸੰਪਾਦਕ (ਆਨਰੇਰੀ)**
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)


**ਸਰਟੀਫਿਕੇਟਸ**
- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਨਵੇਂ ਸਾਲ 2026 ਦਾ ਆਗਮਨ

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ - ਨਵੇਂ ਸਾਲ ਦਾ ਸੁਚਾਰੂ ਸਵਾਗਤ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-7 |
| ਜੀਵਨ ਜਾਚ- ਆਓ ਜ਼ਿੰਦਗੀ ਨੂੰ ਬਣਾਈਏ ਖੁਸ਼ਗਵਾਰ | 8-9 |
| ਅਜ਼ੀਮ ਸੈਣੀ ਸ਼ਖ਼ਸ਼ੀਅਤ - ਸੰਤ ਅਵਤਾਰ ਸਿੰਘ ਜੀ | 10-12 |
| ਮਿੰਨੀ ਕਹਾਣੀ - ਦੁੱਕੀ ਤਿੱਕੀ | 13 |
| ਉਮਰੋਂ ਲੰਮਾ ਹਉਕਾ..ਪਰਵਾਸ | 14-15 |
| ਜਾਂਬਾਜ਼ ਸੈਣੀ ਨੌਜਵਾਨ | 15 |
| ਦੇਖਿਆ-ਸੁਣਿਆ - ਕਿਵੀ ਦਾ ਦੇਸ਼, ਨਿਊਜ਼ੀਲੈਂਡ | 16-17 |
| List of Donors of Scholarships | 18 |
| ਕਵਿਤਾਵਾਂ | 19 |
| ਮਨੁੱਖਤਾ ਹਿਤੈਸ਼ੀ-ਗ੍ਰੇਟਾ ਥੁਨਬਰਗ | 20-21 |
| ਧਰਮਿੰਦਰ ਨਾਲ ਕੁੱਝ ਪਲ | 22-23 |
| ਸਾਲ 2025 ਦੇ ਨੋਬਲ ਇਨਾਮ ਜੇਤੂ | 24-25 |
| ਕਹਾਣੀ - ਹੁਣ ਇਹ ਸੁਧਰ ਗਿਆ | 26-27 |
| ਮਨੁੱਖੀ ਅਧਿਕਾਰ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ | 28 |
| ਕਵਿਤਾ - ਚੜ੍ਹਤ ਹੋਈ ਦਸਤਰ ਦੀ | 29 |
| ਯਾਤਰਾ - ਜਿਨ੍ਹਾਂ ਗੁਰਧਾਮਾਂ ਤੋਂ ਸਾਨੂੰ ਵਿਛੋੜਿਆ ਗਿਆ | 30 |
| ਆਓ! ਆਪਣੇ ਗਿਆਨ ਦੀ ਪਰਖ ਕਰੀਏ | 31 |
| ਸਮਾਜਿਕ ਸਮੱਸਿਆ-ਇਕਹਰੇ ਪਰਿਵਾਰਾਂ ਵੱਲ ਰੁਝਾਨ | 32 |
| Matrimonials | 33-40 |



## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |


ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ



# ਨਵੇਂ ਸਾਲ ਦਾ ਸੁਚਾਰੂ ਸਵਾਗਤ

ਅਜਮੇਰ ਸਿੰਘ (ਡਾ.)
ਰੂਪਨਗਰ

ਨਵਾਂ ਸਾਲ 2026 ਚੜ੍ਹ ਗਿਆ ਹੈ। 31 ਦਸੰਬਰ ਦੀ ਰਾਤ ਨੂੰ ਜਦੋਂ ਘੜੀ ਦੀਆਂ ਸੂਈਆਂ ਨੇ ਬਾਰਾਂ ਨੂੰ ਪਾਰ ਕੀਤਾ ਤਾਂ ਸਭ ਪਾਸੇ ਰੌਸ਼ਨੀਆਂ ਅਤੇ ਪਟਾਕਿਆਂ ਨੇ ਮਾਹੌਲ ਰੰਗੀਨ ਬਣਾ ਦਿੱਤਾ। ਵਿਸ਼ਵ ਦੇ ਭਿੰਨ ਭਿੰਨ ਦੇਸ਼ਾਂ ਵਿੱਚ ਇਹ ਘਟਨਾ 24 ਘੰਟਿਆਂ ਵਿੱਚ ਭਿੰਨ ਭਿੰਨ ਸਮੇਂ ਵਾਪਰੀ। ਸਭ ਦੇ ਮਨਾਂ ਨੇ ਕੁੱਝ ਖ਼ਾਸ ਵਾਪਰਿਆ ਮਹਿਸੂਸ ਕੀਤਾ। ਪਰ ਨਾ ਧਰਤੀ ਦੀ ਗਤੀ ਵਿੱਚ ਕੋਈ ਫਰਕ ਆਇਆ ਅਤੇ ਨਾ ਇਸ ਨੇ ਆਪਣਾ ਰਸਤਾ ਹੀ ਬਦਲਿਆ। ਸਮਾਂ ਨਿਰੰਤਰ ਚੱਲਦਾ ਰਿਹਾ। ਇਹ ਹਰ ਸਾਲ ਹੀ ਵਾਪਰਦਾ ਹੈ।

ਸ੍ਰਿਸ਼ਟੀ ਦੇ ਆਰੰਭ ਤੋਂ ਹੀ ਧਰਤੀ ਆਪਣੇ ਸੂਰਜ ਦੁਆਲੇ ਘੁੰਮ ਰਹੀ ਹੈ ਅਤੇ 365 ਦਿਨਾਂ (ਇੱਕ ਸਾਲ) ਵਿੱਚ ਇੱਕ ਚੱਕਰ ਪੂਰਾ ਕਰਦੀ ਹੈ ਜਿਸ ਦੌਰਾਨ ਇਸ ਦੀ ਮੁਲਾਕਾਤ ਦੂਰੋਂ ਹੀ ਆਪਣੇ ਭਿੰਨ ਭਿੰਨ ਸਾਥੀ ਗ੍ਰਹਿਆਂ ਨਾਲ ਹੁੰਦੀ ਹੈ। ਇਸ ਦੇ ਨਾਲ ਹੀ ਇਹ ਆਪਣੇ ਧੁਰੇ ਦੁਆਲੇ ਵੀ ਘੁੰਮਦਿਆਂ 24 ਘੰਟਿਆਂ (ਇੱਕ ਦਿਨ) ਵਿੱਚ ਇੱਕ ਚੱਕਰ ਲਗਾਉਂਦੀ ਹੈ ਅਤੇ ਆਪਣੇ ਧਰਾਤਲ 'ਤੇ ਸਥਿਤ ਭਿੰਨ ਭਿੰਨ ਦੇਸ਼ਾਂ ਨੂੰ ਸੂਰਜ ਦੇ ਦਰਸ਼ਨ ਕਰਵਾਉਂਦੀ ਹੈ। ਕੁਦਰਤ ਦਾ ਇਹ ਵਰਤਾਰਾ ਮਨੁੱਖ ਦੀ ਮਰਜ਼ੀ ਤੋਂ ਵਗੈਰ ਹੀ ਅਰਬਾਂ-ਖਰਬਾਂ ਸਾਲਾਂ ਤੋਂ ਚੱਲਦਾ ਆ ਰਿਹਾ ਹੈ। ਮੁੱਢ ਤੋਂ ਹੀ ਜੀਵਾਂ ਦਾ ਇਨ੍ਹਾਂ ਵਰਤਾਰਿਆਂ ਨਾਲ ਵਾਸਤਾ ਪੈਂਦਾ ਰਿਹਾ ਹੈ। ਮਨੁੱਖ ਹੈ ਤਾਂ ਧਰਤੀ ਦੇ ਅਰਬਾਂ-ਖਰਬਾਂ ਜੀਵਾਂ ਵਿੱਚ ਇੱਕ ਜੀਵ ਹੀ, ਪਰ ਇਸ ਨੇ ਆਪਣੀ ਬੁੱਧੀ ਦੀ ਵਰਤੋਂ ਕਰ ਕੇ ਇਨ੍ਹਾਂ ਗੁੰਝਲਦਾਰ ਕੁਦਰਤੀ ਵਰਤਾਰਿਆਂ ਨੂੰ ਸਮਝਣ ਲਈ ਮੁੱਢ-ਕਦੀਮ ਤੋਂ ਹੀ ਉਪਰਾਲੇ ਸ਼ੁਰੂ ਕਰ ਦਿੱਤੇ। ਇਸ ਦੇ ਕੁੱਝ ਬੁੱਧੀਜੀਵੀਆਂ (ਰਿਸ਼ੀਆਂ-ਮੁਨੀਆਂ) ਨੇ ਬਿਨਾਂ ਕਿਸੇ ਯੰਤਰ ਤੋਂ ਆਪਣੀਆਂ ਗਿਆਨ ਇੰਦਰੀਆਂ ਦੀ ਸੀਮਿਤ ਸਮਰੱਥਾ ਨਾਲ ਇਨ੍ਹਾਂ ਵਰਤਾਰਿਆਂ ਨੂੰ ਵਾਚ ਕੇ ਇਨ੍ਹਾਂ ਨੂੰ ਬਿਆਨ ਕਰਨ ਲਈ ਕਲਪਿਤ ਕਹਾਣੀਆਂ ਘੜੀਆਂ। ਹੜ੍ਹ, ਤੂਫ਼ਾਨ, ਅੱਗਜਨੀ ਅਤੇ ਭੂਚਾਲ ਜਿਹੇ ਕੁੱਝ ਅਜਿਹੇ ਭਿਆਨਕ ਵਰਤਾਰੇ ਸਨ ਜੋ ਮਨੁੱਖ ਲਈ ਘਾਤਕ ਸਨ, ਉਨ੍ਹਾਂ ਤੋਂ ਡਰ ਕੇ ਆਮ ਮਨੁੱਖ ਨੂੰ ਇਨ੍ਹਾਂ ਦੀ ਪੂਜਾ ਕਰਨ ਦਾ ਉਪਦੇਸ਼ ਦਿੱਤਾ।

ਧਰਤੀ ਦੇ ਸੂਰਜ ਦੁਆਲੇ ਚੱਕਰ ਪੂਰਾ ਕਰਨ ਦੀ ਕੁਦਰਤੀ ਘਟਨਾ ਨੂੰ 2000 ਈਸਾ ਪੂਰਬ ਵਿੱਚ ਬੇਬੀਲੋਨੀਅਨ ਸੱਭਿਅਤਾ ਦੇ ਬੁੱਧੀਜੀਵੀਆਂ ਨੇ ਬਿਆਨ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਚੰਦਰਮਾ ਦੀ ਗਤੀ ਨੂੰ ਆਧਾਰ ਬਣਾਇਆ ਅਤੇ ਮਾਰਚ ਮਹੀਨੇ ਵਿੱਚ ਨਵੇਂ ਸਾਲ ਦਾ ਆਰੰਭ ਐਲਾਨ ਕੀਤਾ। ਇਸ ਤੋਂ ਬਾਅਦ 1582 ਈ. ਵਿੱਚ ਰੋਮਨ ਪੋਪ ਗਰੈਗੋਰੀ ਨੇ ਸਾਲ ਦਾ ਆਰੰਭ ਪਹਿਲੀ ਜਨਵਰੀ ਤੋਂ ਹੋਣ ਦਾ ਆਦੇਸ਼ ਦਿੱਤਾ। ਇਸ ਨੂੰ ਗਰੈਗੋਰੀਅਨ ਕੈਲੰਡਰ ਕਿਹਾ ਜਾਂਦਾ ਹੈ। ਹੌਲੀ ਹੌਲੀ ਸਾਰੇ ਦੇਸ਼ਾਂ ਨੇ ਇਸ ਕੈਲੰਡਰ ਨੂੰ ਅਪਣਾ ਲਿਆ। ਪਰ ਅਜੇ ਵੀ ਵੱਖ ਵੱਖ ਧਰਮਾਂ ਦੇ ਲੋਕ ਸਾਲ ਦਾ ਆਰੰਭ ਆਪਣੇ ਆਪਣੇ ਦੇਵਤਿਆਂ ਜਾਂ ਮਹਾਂਪੁਰਸ਼ਾਂ ਦੇ ਜਨਮਾਂ ਤੋਂ ਮੰਨਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਸਾਲ ਦਾ ਆਰੰਭ ਇੱਕ ਸੱਭਿਆਚਾਰਕ ਰਸਮ ਬਣ ਗਈ ਹੈ ਜਿਸ ਨੂੰ ਮਨੁੱਖ ਆਪਣੀ ਖੁਸ਼ੀ ਲਈ ਮਨਾਉਂਦਾ ਹੈ।

ਅਜੋਕੇ ਸਮੇਂ ਵਿੱਚ ਬੁੱਧੀਜੀਵੀ ਮਨੁੱਖਾਂ (ਵਿਗਿਆਨੀਆਂ) ਨੇ ਅਤਿ ਆਧੁਨਿਕ ਯੰਤਰਾਂ ਦੀ ਮਦਦ ਨਾਲ ਬ੍ਰਹਿਮੰਡੀ ਵਰਤਾਰਿਆਂ ਨੂੰ ਸਮਝ ਕੇ ਬਿਆਨ ਕੀਤਾ ਹੈ। ਹੁਣ ਇਨ੍ਹਾਂ ਕੁਦਰਤੀ ਵਰਤਾਰਿਆਂ ਦੇ ਕਾਰਨ ਅਤੇ ਬਚਣ ਦੇ ਉਪਾਅ ਸਮਝ ਆਉਣ ਲੱਗੇ ਹਨ। ਇਸ ਲਈ ਜੇ ਮਨੁੱਖ ਆਪਣੀ ਬੁੱਧੀ ਦੀ ਵਰਤੋਂ ਕਰ ਕੇ ਇਨ੍ਹਾਂ ਨਾਲ ਵਿਹਾਰ ਕਰੇ ਤਾਂ ਇਹ ਵਰਤਾਰੇ ਮਾਨਣਯੋਗ ਅਤੇ ਨਿਹਾਰਨਯੋਗ ਬਣ ਜਾਂਦੇ ਹਨ। ਕੁਦਰਤੀ ਆਫ਼ਤਾਂ ਕਹੇ ਜਾਂਦੇ ਹੜ੍ਹ, ਭੂਚਾਲ, ਜਵਾਲਾਮੁਖੀ, ਸਮੁੰਦਰੀ ਤੂਫ਼ਾਨ, ਪਹਾੜਾਂ ਦਾ ਖਿਸਕਣਾ ਅਤੇ ਅੱਗਜਨੀ ਮਨੁੱਖ ਦੀ ਅਣਗਹਿਲੀ ਕਾਰਨ ਹੀ ਭਿਆਨਕ ਬਣਦੇ ਹਨ। ਇਨ੍ਹਾਂ ਨਾਲ ਮਨੁੱਖ ਦਾ ਬਹੁਤਾ ਨੁਕਸਾਨ ਉਸ ਦੇ ਲਾਲਚ ਅਤੇ ਅਗਿਆਨਤਾ ਕਾਰਨ ਹੀ ਹੁੰਦਾ ਹੈ। ਇਨ੍ਹਾਂ ਵਲੋਂ ਕੀਤੇ ਜਾਂਦੇ ਨੁਕਸਾਨ ਨੂੰ ਰੋਕਣ ਜਾਂ ਘੱਟ ਕਰਨ ਦੇ ਉਪਾਅ ਮੌਜੂਦ ਹਨ ਪਰ ਕੁੱਝ ਸ਼ਾਤਰ ਬੁੱਧੀਜੀਵੀਆਂ (ਜੋਤਸ਼ੀਆਂ) ਵਲੋਂ ਇਨ੍ਹਾਂ ਕੁਦਰਤੀ ਵਰਤਾਰਿਆਂ ਦੀਆਂ ਵਿਗਿਆਨਕ ਗਿਣਤੀਆਂ-ਮਿਣਤੀਆਂ ਨੂੰ ਆਪਣੇ ਸਵਾਰਥ ਹਿਤ ਮੋੜ-ਤਰੋੜ ਕੇ ਆਮ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚ ਫਸਾਇਆ ਜਾ ਰਿਹਾ ਹੈ। ਇਸ ਲਈ ਬਹੁਤੇ ਮਨੁੱਖ ਦੁਬਿਧਾ ਦਾ ਸ਼ਿਕਾਰ ਹੋ ਗਏ ਹਨ।

ਜੋਤਸ਼ੀਆਂ ਨੇ ਲੋਕਾਂ ਨੂੰ ਰਾਸ਼ੀਆਂ ਦੇ ਭਰਮ-ਜਾਲ ਵਿੱਚ ਬੁਰੀ ਤਰ੍ਹਾਂ ਉਲਝਾਇਆ ਹੋਇਆ ਹੈ। ਇਹ ਨਿਰਾ ਗੁੰਮਰਾਹਕੁਨ ਪ੍ਰਚਾਰ ਹੈ। ਆਕਾਸ਼ ਵਿੱਚ ਅਰਬਾਂ ਤਾਰੇ ਹਨ ਜੋ ਧਰਤੀ ਤੋਂ ਨੰਗੀ ਅੱਖ ( ਟੈਲੀਸਕੋਪ ਤੋਂ ਬਿਨਾਂ) ਨਾਲ ਦੇਖਿਆਂ 88 ਦੇ ਕਰੀਬ ਗਰੁੱਪਾਂ ਵਿੱਚ ਵੰਡੇ ਹੋਏ ਜਾਪਦੇ ਹਨ। ਇਨ੍ਹਾਂ ਗਰੁੱਪਾਂ ਦੀਆਂ ਸ਼ਕਲਾਂ ਕਿਸੇ ਨਾ ਕਿਸੇ ਜਾਨਵਰ ਜਾਂ ਵਸਤੂ ਨਾਲ ਮਿਲਦੀਆਂ ਹੁੰਦੀਆਂ ਹਨ। ਇਹ ਤਾਰਾ-ਸਮੂਹ ਸੂਰਜ ਤੋਂ ਬਹੁਤ ਦੂਰ ਹਨ। ਇੱਕ ਤਾਰਾ ਸਮੂਹ ਦੇ ਸਾਰੇ ਤਾਰੇ ਵੀ ਇੱਕ ਦੂਜੇ ਤੋਂ ਬਹੁਤ ਦੂਰੀ 'ਤੇ ਹਨ ਅਤੇ ਭਿੰਨ ਭਿੰਨ ਗਤੀਆਂ ਨਾਲ ਆਪਣੇ ਨਿਸ਼ਚਿਤ ਰਸਤਿਆਂ 'ਤੇ ਘੁੰਮਦੇ ਹਨ। ਇਨ੍ਹਾਂ ਦਾ ਆਪੋ ਵਿੱਚ ਕੋਈ ਸਬੰਧ ਨਹੀਂ। ਜਦੋਂ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਤਾਂ ਸਾਨੂੰ ਧਰਤੀ ਤੋਂ ਦੇਖਦਿਆਂ ਸੂਰਜ, ਧਰਤੀ ਦੁਆਲੇ ਚੱਕਰ ਲਾਉਂਦਾ ਪ੍ਰਤੀਤ ਹੁੰਦਾ ਹੈ। ਇਕ ਸਾਲ ਵਿੱਚ ਜਿਹੜੇ ਤਾਰਾ ਸਮੂਹ ਇਸ ਦੇ ਰਸਤੇ ਵਿੱਚ ਆਉਂਦੇ ਹਨ, ਉਨ੍ਹਾਂ ਵਿੱਚੋਂ ਹਰ ਮਹੀਨੇ ਇੱਕ

ਤਾਰਾ-ਸਮੂਹ ਸੂਰਜ ਦੇ ਪਿੱਛੇ ਦਿਸਦਾ ਹੈ। ਇਹ 12 ਤਾਰਾ ਸਮੂਹ ਹੀ ਰਾਸ਼ੀਆਂ ਹਨ। ਕੋਈ ਵੀ ਰਾਸ਼ੀ ਸੂਰਜ ਦੇ ਲਾਗਿਓਂ ਨਹੀਂ ਲੰਘਦੀ ਅਤੇ ਨਾਂਹੀ ਸੂਰਜ ਇਨ੍ਹਾਂ ਦੇ ਨਜ਼ਦੀਕ ਜਾਂਦਾ ਹੈ। ਇਸ ਲਈ ਇਨ੍ਹਾਂ ਰਾਸ਼ੀਆਂ ਦੀਆਂ ਗਤੀਆਂ ਅਤੇ ਸਥਾਨਾਂ ਦਾ ਸਾਡੀ ਧਰਤੀ ਦੇ ਜੀਵਾਂ 'ਤੇ ਕੋਈ ਬੁਰਾ ਜਾਂ ਚੰਗਾ ਪ੍ਰਭਾਵ ਪੈਣ ਦੀ ਕੋਈ ਗੁੰਜਾਇਸ਼ ਨਹੀਂ।

ਵਿਆਹ-ਸ਼ਾਦੀਆਂ ਨਿਯਤ ਕਰਨ ਅਤੇ ਕੋਈ ਵੱਡਾ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਜੋਤਸ਼ੀਆਂ ਪਾਸੋਂ ਜਨਮ-ਪੱਤਰੀਆਂ ਦੀ ਪੜਤਾਲ ਕਰਵਾ ਕੇ ਸ਼ੁੱਭ ਦਿਨਾਂ ਦਾ ਪਤਾ ਲਗਾਉਣਾ, ਸੂਰਜ-ਗ੍ਰਹਿਣ ਅਤੇ ਚੰਦ-ਗ੍ਰਹਿਣ ਜਿਹੇ ਬ੍ਰਹਿਮੰਡੀ ਵਰਤਾਰਿਆਂ ਨੂੰ ਡਰਾਉਣੇ ਪੇਸ਼ ਕਰਨਾ, ਵਧੀਆ ਇਮਾਰਤ ਬਣਾ ਕੇ ਉਸ ਉੱਪਰ ਭੂਤਨੁਮਾ ਡਰਾਉਣੇ ਲਗਾਉਣਾ, ਬੁਰੀ ਨਜ਼ਰ ਤੋਂ ਬਚਾਉਣ ਲ਼ਈ ਨਿੰਬੂ ਅਤੇ ਮਿਰਚਾਂ ਟੰਗਣਾ, ਕਿਤੇ ਜਾਣ ਸਮੇਂ ਨਿੱਛ ਆਣ 'ਤੇ ਰੁਕ ਜਾਣਾ ਆਦਿ ਅਜਿਹੇ ਕਈ ਵਹਿਮ ਹਨ ਜਿਨ੍ਹਾਂ ਵਿੱਚ ਪੜ੍ਹੇ- ਅਨਪੜ੍ਹੇ ਵਿਅਕਤੀ ਫ਼ਸੇ ਹੋਏ ਹਨ।

ਵਹਿਮ-ਭਰਮ ਅਕਸਰ ਵਿਅਕਤੀ ਦੇ ਮਾਨਸਿਕ ਪੱਧਰ ਦੀ ਵਿਆਖਿਆ ਕਰਦੇ ਹਨ। ਦੁਨੀਆਂ ਵਿੱਚ ਅੰਧ-ਵਿਸ਼ਵਾਸੀ ਲੋਕਾਂ ਦੀ ਘਾਟ ਨਹੀਂ ਜਿਹੜੇ ਵਹਿਮਾਂ-ਭਰਮਾਂ ਵਿੱਚ ਪਏ ਰਹਿੰਦੇ ਹਨ। ਸਾਡੇ ਧਰਮਾਂ ਵਿੱਚ ਅੰਧ-ਵਿਸ਼ਵਾਸ ਨੂੰ ਕੋਈ ਥਾਂ ਨਹੀਂ ਪਰ ਫਿਰ ਵੀ ਅੱਜ ਅਸੀਂ ਫੋਕੇ ਵਹਿਮਾਂ ਦੇ ਚੱਕਰ ਵਿੱਚ ਫਸ ਕੇ ਪੈਸਾ ਤੇ ਸਮਾਂ ਬਰਬਾਦ ਕਰ ਰਹੇ ਹਾਂ। ਹਰ ਗੱਲ ਦਾ ਵਿਗਿਆਨਕ ਇਲਾਜ ਹੋਣ ਦੇ ਬਾਵਜੂਦ ਵੀ ਚਮਤਕਾਰਾਂ, ਟੂਣਿਆਂ ਅਤੇ ਝਾੜਿਆਂ ਨਾਲ ਆਪਣੀਆਂ ਬਿਮਾਰੀਆਂ ਨੂੰ ਹੋਰ ਵਧਾ ਰਹੇ ਹਾਂ। ਕੋਈ ਕਿਸੇ ਕਰਾਮਾਤੀ ਦੀ ਗੱਲ ਕਰੇ ਤਾਂ ਅਸੀਂ ਬਿਨਾਂ ਸੋਚੇ ਸਮਝੇ ਉੱਧਰ ਨੂੰ ਦੌੜ ਪੈਂਦੇ ਹਾਂ। ਯਾਦ ਰੱਖੋ ਪਾਂਧਿਆਂ ਤੇ ਟੇਵਿਆਂ ਨਾਲ ਜ਼ਿੰਦਗੀ ਨਹੀਂ ਚੱਲਦੀ। ਜ਼ਿੰਦਗੀ ਤੋਰਨ ਲਈ ਮਿਹਨਤ, ਲਗਨ ਅਤੇ ਤਰਕ ਦੀ ਲੋੜ ਹੁੰਦੀ ਹੈ ਤਾਂ ਕਿ ਮਿਲੀਆਂ ਚੁਣੌਤੀਆਂ ਤੋਂ ਬਚਣ ਦੀ ਥਾਂ ਉਨ੍ਹਾਂ ਦਾ ਦਲੇਰੀ ਨਾਲ ਮੁਕਾਬਲਾ ਕੀਤਾ ਜਾ ਸਕੇ।

ਜਦੋਂ ਜੀਵਨ ਵਿੱਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਸਾਡੇ ਦੁਖੀ ਹੋਣ ਦਾ ਕਾਰਨ ਬਣਦੀ ਹੈ। ਇਸ ਦੇ ਕਾਰਨਾਂ ਨੂੰ ਘੋਖਣ ਦੀ ਥਾਂ ਤੁਰੰਤ ਅਸੀਂ ਤਾਂਤਰਿਕਾਂ ਜਾਂ ਜੋਤਸ਼ੀਆਂ ਵੱਲ ਦੌੜਦੇ ਹਾਂ। ਉਸ ਵਲੋਂ ਪੁੱਛਣ ਤੋਂ ਬਿਨਾਂ ਹੀ ਪੂਰੀ ਤਫਸੀਲ ਨਾਲ ਕਈ ਭੇਦ ਵਾਲੀਆਂ ਗੱਲਾਂ ਵੀ ਉਸ ਨੂੰ ਦੱਸ ਦਿੰਦੇ ਹਾਂ। ਪੈਸੇ ਦੀ ਪ੍ਰਵਾਹ ਕੀਤੇ ਬਗੈਰ ਹੀ ਇੰਨ੍ਹਾਂ ਤੋਂ ਛੁਟਕਾਰਾ ਦਿਵਾਉਣ ਲਈ ਤਰਲੇ ਲੈਣ ਲਗਦੇ ਹਾਂ। ਇੱਥੋਂ ਹੀ ਸ਼ੁਰੂ ਹੁੰਦਾ ਹੈ ਸਾਡਾ ਆਰਥਿਕ ਤੇ ਮਾਨਸਿਕ ਸ਼ੋਸ਼ਣ। ਜ਼ਰਾ ਸੋਚੋ ਕਿ ਜਿਹੜੀਆਂ ਸਮੱਸਿਆਵਾਂ ਤੁਸੀਂ ਉਨ੍ਹਾਂ ਕੋਲ ਲੈ ਕੇ ਜਾਂਦੇ ਹੋ ਕੀ ਕਦੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨਹੀਂ ਝੱਲਣੀਆਂ ਪਈਆਂ? ਕਈ ਅਖੌਤੀ ਸਿਆਣੇ ਤਾਂ ਵਿਗਿਆਨਕ ਸਚਾਈਆਂ ਨੂੰ ਵੀ ਆਪਣੇ ਚਮਤਕਾਰ ਵਜੋਂ ਪੇਸ਼ ਕਰਦੇ ਹਨ।

ਆਮ ਲੋਕ ਹੀ ਨਹੀਂ, ਵੱਡੇ-ਵੱਡੇ ਅਧਿਕਾਰੀ ਵੀ ਤਾਂਤਰਿਕਾਂ ਤੇ ਜੋਤਸ਼ੀਆਂ ਦੀ ਗ੍ਰਿਫਤ ਵਿੱਚ ਆਉਂਦੇ ਹਨ। ਨੇਤਾ ਲੋਕ ਜੋਤਸ਼ੀਆਂ ਤੋਂ ਪੁੱਛ ਕੇ ਨਾਮਜ਼ਦਗੀ ਕਾਗਜ਼ ਭਰਦੇ ਹਨ ਤੇ ਆਪਣੀ ਪ੍ਰਚਾਰ ਮੁਹਿੰਮ ਦੀ ਸ਼ੁਰੂਆਤ ਕਰਦੇ ਹਨ। ਜੋਤਸ਼ੀ, ਜਿੱਤਣ ਦੇ ਨੁਸਖੇ ਤਾਂ ਸਭ ਨੂੰ ਦੱਸਦੇ ਹਨ ਪਰ ਜਿੱਤਦਾ ਤਾਂ ਇੱਕ ਹੀ ਹੈ। ਜੇਕਰ ਜੋਤਸ਼ੀਆਂ ਦੇ ਢੰਗ ਤਰੀਕਿਆਂ ਨਾਲ ਸਫ਼ਲਤਾ ਮਿਲਦੀ ਹੋਵੇ ਤਾਂ ਸਾਰੇ ਜਿੱਤਣੇ ਚਾਹੀਦੇ ਸਨ ਜੋ ਕਿ ਸੰਭਵ ਨਹੀਂ।

ਕਿਸੇ ਧਾਰਮਿਕ ਸਥਾਨ 'ਤੇ ਜਾ ਕੇ ਕੋਈ ਪਾਠ ਸੁਣਨਾ ਜਾਂ ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣਦੇ ਹੋਏ ਚੰਗੇ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਕੰਮ ਕਰਨਾ ਅੰਧਵਿਸ਼ਵਾਸਾਂ ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ। ਅਜਿਹੀਆਂ ਥਾਵਾਂ 'ਤੇ ਜਾ ਕੇ ਇਕਾਗਰ ਹੋਣ ਨਾਲ ਸਕੂਨ ਮਿਲਦਾ ਹੈ। ਜਦੋਂ ਬਿਨਾਂ ਕਿਸੇ ਸੋਚ ਵਿਚਾਰ ਤੋਂ ਕਿਸੇ ਦੀਆਂ ਗੱਲਾਂ ਪਿੱਛੇ ਲੱਗ ਕੇ ਵਿਚਰਨ ਲੱਗੀਏ ਤਾਂ ਨੁਕਸਾਨ ਹੁੰਦਾ ਹੈ।

ਜਦੋਂ ਆਧੁਨਿਕ ਗਿਆਨ ਨੇ ਸਪਸ਼ਟ ਕਰ ਦਿੱਤਾ ਹੈ ਕਿ ਕੁਦਰਤ ਦੇ ਵਰਤਾਰੇ ਅਟੱਲ ਹਨ। ਕੋਈ ਮਨੁੱਖ ਇਨ੍ਹਾਂ ਵਿੱਚ ਤਬਦੀਲੀ ਨਹੀਂ ਲਿਆ ਸਕਦਾ ਤਾਂ ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਵਹਿਮਾਂ-ਭਰਮਾਂ ਨੂੰ ਤਿਆਗ ਕੇ, ਸਾਦਾ ਜ਼ਿੰਦਗੀ ਬਤੀਤ ਕਰਦਿਆਂ ਕੁਦਰਤ ਨਾਲ ਤਾਲਮੇਲ ਕਰੀਏ ਅਤੇ ਇਸ ਦੇ ਖੂਬਸੂਰਤ ਵਰਤਾਰਿਆਂ ਦਾ ਆਨੰਦ ਮਾਣੀਏਂ। ਜੇਕਰ ਸੂਰਜ ਵਾਂਗ ਚਮਕਣਾ ਚਾਹੁੰਦੇ ਹੋ ਤਾਂ ਜ਼ਿੰਦਗੀ ਦੀਆਂ ਬਰੀਕੀਆਂ ਨੂੰ ਸਮਝਦੇ ਹੋਏ ਹਿੰਮਤ, ਦ੍ਰਿੜ ਇਰਾਦੇ ਤੇ ਆਤਮਵਿਸ਼ਵਾਸ ਨਾਲ ਆਪਣੀ ਕਿਸਮਤ ਨੂੰ ਬਦਲਣ ਦੀ ਕੋਸ਼ਿਸ਼ ਕਰੋ ਤਾਂ ਹੀ ਖੁਸ਼ੀਆਂ ਤੁਹਾਡੇ ਆਸ ਪਾਸ ਚਹਿਕਦੀਆਂ ਰਹਿਣਗੀਆਂ। ਇਹ ਹੀ ਨਵੇਂ ਸਾਲ ਦਾ ਸਵਾਗਤ ਕਰਨ ਦਾ ਸੁਚਾਰੂ ਢੰਗ ਹੈ। ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਸਭ ਨੂੰ ਨਵੇਂ ਸਾਲ ਦੀਆਂ ਵਧਾਈਆਂ।

❉ ❉ ❉ ❉ ❉

**ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਦੀ ਵਧਾਈ**

ਸਰਬੰਸਦਾਨੀ ਅਤੇ ਅੰਮ੍ਰਿਤ ਦੇ ਦਾਤਾ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਗਟ ਦਿਵਸ 28 ਦਸੰਬਰ ਦੀ ਸਮੂਹ ਮਨੁੱਖਤਾ ਨੂੰ ਲੱਖ ਲੱਖ ਵਧਾਈ ਹੋਵੇ।



ਵਾਹ ਦੁਨੀਆਂ ਦੇ ਮਾਲਕਾ!
ਤੂੰ ਵੱਖਰਾ ਹੀ ਧਰਮ ਬਣਾ ਦਿੱਤਾ।
ਪਾ ਪਾਣੀ 'ਚ ਗੁਰਬਾਣੀ ਦਾ ਰਸ,
ਤੂੰ ਉਸ ਨੂੰ ਅੰਮ੍ਰਿਤ ਬਣਾ ਦਿੱਤਾ।
ਕੰਬਦੇ ਪਏ ਸੀ, ਚਿੜੀਆਂ ਦੇ ਵਾਂਗ ਜਿਹੜੇ
ਛਕਾ ਅੰਮ੍ਰਿਤ ਸ਼ੇਰ ਬਣਾ ਦਿੱਤਾ।
ਇਤਿਹਾਸ ਗਵਾਹ ਹੈ,
ਇੱਥੇ ਇੱਕ ਨਹੀਂ ਵਾਰਦਾ ਕੋਈ ਕਿਸੇ
ਖਾਤਰ, ਤੂੰ ਸਾਰਾ ਸਰਬੰਸ ਹੀ,
ਸਿੱਖ ਕੌਮ ਦੇ ਲੇਖੇ ਲਾ ਦਿੱਤਾ।

## ਅਕਤੂਬਰ-ਦਸੰਬਰ 2025 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ



**ਰਾਜਿੰਦਰ ਸੈਣੀ**
**ਰੂਪਨਗਰ**

**ਸਾਲਾਨਾ ਭਾਸ਼ਣ ਪ੍ਰਤਿਯੋਗਤਾ-** ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵਲੋਂ 3 ਅਕਤੂਬਰ, 2025 ਨੂੰ ਸੈਣੀ ਭਵਨ ਰੂਪਨਗਰ ਵਿਖੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਸਮਾਜ ਦੇ ਭਖਦੇ ਮਸਲਿਆਂ 'ਤੇ ਇਹ ਮੁਕਾਬਲੇ ਦੋ ਸ਼੍ਰੇਣੀਆਂ ਵਿੱਚ ਕਰਵਾਏ ਗਏ। ਪੰਜਾਬੀ ਵਿੱਚ ਕਰਵਾਏ ਜੂਨੀਅਰ ਮੁਕਾਬਲੇ ਦਾ ਵਿਸ਼ਾ ਸੀ- " **ਸਮਾਜਿਕ ਵਿਕਾਸ ਲਈ ਵਿਗਿਆਨਕ ਸੋਚ ਦੀ ਮਹੱਤਤਾ**" ਅਤੇ ਅੰਗਰੇਜ਼ੀ ਵਿਸ਼ੇ ਵਿੱਚ ਸੀਨੀਅਰ ਮੁਕਾਬਲੇ ਦਾ ਵਿਸ਼ਾ, "**ਸੰਪ੍ਰਦਾਇਕ ਰਾਜਨੀਤੀ ਲੋਕਤੰਤਰ ਲਈ ਖਤਰਾ**"। ਪੰਜਾਬ ਦੇ ਵੱਖ ਵੱਖ ਸਕੂਲਾਂ ਅਤੇ ਕਾਲਜਾਂ ਤੋਂ ਆਏ 19 ਵਿਦਿਆਰਥੀਆਂ ਨੇ ਜੂਨੀਅਰ ਮੁਕਾਬਲੇ ਵਿੱਚ ਅਤੇ 15 ਵਿਦਿਆਰਥੀਆਂ ਨੇ ਸੀਨੀਅਰ ਮੁਕਾਬਲੇ ਵਿੱਚ ਭਾਗ ਲਿਆ। ਤਿੰਨ-ਤਿੰਨ ਜੱਜਾਂ ਦੇ ਦੋ ਪੈਨਲਾਂ ਨੇ ਇਨ੍ਹਾਂ ਪ੍ਰਤਿਯੋਗੀਆਂ ਦੇ ਭਾਸ਼ਣਾ ਦੀ ਜੱਜਮੈਂਟ ਕੀਤੀ ਜਿਨ੍ਹਾਂ ਵਿੱਚ ਸਰਕਾਰੀ ਕਾਲਜ ਰੂਪਨਗਰ ਦੇ ਸੇਵਾਮੁਕਤ ਪ੍ਰਿੰਸੀਪਲ ਸੰਤ ਸੁਰਿੰਦਰਪਾਲ ਸਿੰਘ ਅਤੇ ਸੇਵਾਮੁਕਤ ਪ੍ਰੋ. ਸ਼੍ਰੀਮਤੀ ਪ੍ਰਤਿਭਾ ਸੈਣੀ, ਪ੍ਰੋ.ਨਿਰਮਲ ਸਿੰਘ ਬਰਾੜ, ਸੇਵਾਮੁਕਤ ਲੈਕਚਰਾਰ ਬਲਵਿੰਦਰ ਸਿੰਘ, ਸ਼੍ਰੀਮਤੀ ਭਗਵੰਤ ਕੌਰ ਅਤੇ ਸਾਹਿਤਕਾਰ ਅਧਿਆਪਕਾ ਸ਼੍ਰੀਮਤੀ ਮਨਦੀਪ ਕੌਰ ਸ਼ਾਮਲ ਸਨ। ਜੂਨੀਅਰ ਸ਼੍ਰੇਣੀ ਵਿੱਚ ਸੇਂਟ ਕਾਰਮਲ ਸਕੂਲ ਕਟਲੀ ਦੀ ਅਰਸ਼ਪ੍ਰੀਤ ਕੌਰ ਪਹਿਲੇ, ਕਿਡਜ਼ ਪਬਲਿਕ ਸਕੂਲ ਰੰਗੀਲਪੁਰ ਦੀ ਰਮਨਜੋਤ ਕੌਰ ਦੂਜੇ, ਸਾਹਿਬਜ਼ਾਦਾ ਅਜੀਤ ਸਿੰਘ ਅਕੈਡਮੀ ਦੀ ਹਰਸਿਮਰਤਪ੍ਰੀਤ ਕੌਰ ਤੀਜੇ, ਸਾਹਿਬਜ਼ਾਦਾ ਅਜੀਤ ਸਿੰਘ ਅਕੈਡਮੀ ਦਾ ਗੁਰਨੀਤਪਾਲ ਸਿੰਘ ਚੌਥੇ ਅਤੇ ਪੰਜਾਬ ਇੰਟਰਨੈਸ਼ਨਲ ਸਕੂਲ ਪਿੱਪਲ ਮਾਜਰਾ ਦੀ ਗੁਰਸਿਮਰਨ ਕੌਰ ਪੰਜਵੇਂ ਸਥਾਨ 'ਤੇ ਆਏ। ਸੀਨੀਅਰ ਸ਼੍ਰੇਣੀ ਵਿੱਚ ਐਸ.ਏ.ਐਸ. ਅਕੈਡਮੀ ਦੀ ਪਰੰਜਲੀ ਵਰਮਾ ਨੇ ਪਹਿਲਾ, ਸਿਵਾਲਿਕ ਪਬਲਿਕ ਸਕੂਲ ਰੂਪਨਗਰ ਦੀਆਂ ਪ੍ਰਭਜੋਤ ਕੌਰ ਅਤੇ ਰਾਧਿਕਾ ਸ਼ਰਮਾ ਨੇ ਦੂਜਾ ਤੇ ਤੀਜਾ, ਪੰਜਾਬ ਇੰਟਰਨੈਸ਼ਨਲ ਸਕੂਲ ਪਿੱਪਲ ਮਜਾਰਾ ਦੀ ਗੁਰਲੀਨ ਕੌਰ ਨੇ ਚੌਥਾ ਅਤੇ ਸੇਂਟ ਕਾਰਮਲ ਸਕੂਲ ਕਟਲੀ ਦੀ ਦਿਸ਼ਾ ਪੰਤ ਨੇ ਪੰਜਵਾਂ ਸਥਾਨ ਹਾਸਲ ਕੀਤਾ।ਐਜੂਕੇਸ਼ਨ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਪ੍ਰਤਿਯੋਗੀਆਂ ਨੂੰ ਜੀ ਆਇਆਂ ਕਿਹਾ, ਚੇਅਰਮੈਨ ਸ. ਬਲਬੀਰ ਸਿੰਘ ਨੇ ਟਰੱਸਟ ਦੇ ਕਾਰਜਾਂ ਤੋਂ ਜਾਣੂ ਕਰਵਾਇਆ, ਐਡਵੋਕੇਟ ਰਾਵਿੰਦਰ ਮੁੰਦਰਾ ਨੇ ਪ੍ਰਤਿਯੋਗਤਾ ਦਾ ਆਯੋਜਿਨ ਕਰਵਾਇਆ ਅਤੇ ਸਕੱਤਰ ਅਮਰਜੀਤ ਸਿੰਘ ਨੇ ਪ੍ਰਤਿਯੋਗਤਾ ਦੇ ਨਿਯਮ ਸਪਸ਼ਟ ਕੀਤੇ। ਸਾਰੇ ਪ੍ਰਤਿਯੋਗੀਆਂ ਨੂੰ ਭਾਗ ਲੈਣ ਦੇ ਸਰਟੀਫੀਕੇਟ ਪ੍ਰਦਾਨ ਕੀਤੇ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ 4 ਅਕਤੂਬਰ, 2025 ਨੂੰ ਸਾਲਾਨਾ ਸਿੱਖਿਆ ਸਮਾਗਮ ਸਮੇਂ ਮੁੱਖ ਮਹਿਮਾਨ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਮੇਜਰ ਜਨਰਲ (ਰਿਟਾ.) ਵਿਨਾਇਕ ਸੈਣੀ ਜੀ ਨੇ ਨਗਦ ਇਨਾਮਾਂ ਨਾਲ ਸਨਮਾਨਿਤ ਕੀਤਾ। ਇਸ ਸਮਾਗਮ ਵਿੱਚ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਅਤੇ ਸੈਣੀ ਭਵਨ ਦੇ ਸਮੂਹ ਟਰੱਸਟੀ ਅਤੇ ਪ੍ਰਬੰਧਕੀ ਕਮੇਟੀ ਮੈਂਬਰ ਹਾਜ਼ਰ ਸਨ।

**ਸਾਲਾਨਾ ਵਜ਼ੀਫ਼ਾ ਵੰਡ ਸਮਾਰੋਹ-** ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵਲੋਂ 4 ਅਕਤੂਬਰ, 2025 ਨੂੰ ਸੈਣੀ ਭਵਨ ਰੂਪਨਗਰ ਵਿਖੇ ਸਾਲਾਨਾ ਸਿੱਖਿਆ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸਮਾਜ ਦੇ **120 ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ 7 ਲੱਖ, 23 ਹਜ਼ਾਰ ਦੇ ਵਜ਼ੀਫ਼ੇ ਪ੍ਰਦਾਨ ਕੀਤੇ ਗਏ।** ਇਨ੍ਹਾਂ ਲਾਭਪਾਤਰੀਆਂ ਵਿੱਚੋਂ ਏ.ਐਸ.ਬੀ.ਏ.ਐਸ,ਜੇ.ਐਸ. ਮੈਮੋਰੀਅਲ ਕਾਲਜ ਬੇਲਾ ਦੇ 34 ਵਿਦਿਆਰਥੀਆਂ ਨੇ 2,01000/, ਬੇਲਾ ਦੇ ਹੀ ਫਾਰਮੇਸੀ ਕਾਲਜ ਦੇ 18 ਵਿਦਿਆਰਥੀਆਂ ਨੇ 1,11000/ ਅਤੇ ਸਰਕਾਰੀ ਕਾਲਜ ਰੂਪਨਗਰ ਦੇ 25 ਵਿਦਿਆਰਥੀਆਂ ਨੇ 1,48000/ ਹਾਸਲ ਕੀਤੇ। ਇਨ੍ਹਾਂ ਤੋਂ ਇਲਾਵਾ ਲੈਮਰਿਨ ਟੈਕ ਯੂਨੀਵਰਸਿਟੀ ਰੈਲਮਾਜਰਾ, ਸਰਕਾਰੀ ਕਾਲਜ ਮੋਹਾਲੀ, ਰਿਆਤ ਬਾਹਰਾ ਯੂਨੀਵਰਸਿਟੀ ਮੋਹਾਲੀ, ਸਰਕਾਰੀ ਕਾਲਜ ਮੁੰਨੇ, ਬੀ.ਐਡ ਕਾਲਜ ਸੋਹਾਣਾ, ਚੰਡੀਗੜ੍ਹ ਇੰਜ. ਕਾਲਜ ਲਾਂਡਰਾਂ, ਸਰਕਾਰੀ ਪਾਲੀਟੈਕਨਿਕ ਕਾਲਜ ਰੂਪਨਗਰ, ਆਈ.ਟੀ.ਆਈ.ਰੂਪਨਗਰ, ਪੋਸਟ ਗ੍ਰੈਜੂਏਟ ਕਾਲਜ ਚੰਡੀਗੜ੍ਹ, ਸਰਸਵਤੀ ਨਰਸਿੰਗ ਕਾਲਜ ਧਿਆਨਪੁਰਾ, ਡੀ.ਏ.ਵੀ ਕਾਲਜ ਚੰਡੀਗੜ੍ਹ, ਖਾਲਸਾ ਕਾਲਜ ਚਮਕੌਰ ਸਾਹਿਬ, ਖਾਲਸਾ ਕਾਲਜ ਅਨੰਦਪੁਰ ਸਾਹਿਬ, ਐਨ.ਆਈ.ਈ.ਐਂਡ ਇੰਨਫਰਮੇਸ਼ਨ ਕਾਲਜ ਰੂਪਨਗਰ, ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ, ਸਰਕਾਰੀ ਹੋਮ ਸਾਇੰਸ ਕਾਲਜ ਚੰਡੀਗੜ੍ਹ, ਪ੍ਰਕਾਸ਼ ਮੈਮੋਰੀਅਲ ਦਿਵਿਅੰਗ ਸਕੂਲ ਰੂਪਨਗਰ, ਆਈ.ਈ.ਟੀ. ਭੱਦਲ, ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ, ਬਾਬਾ ਬੰਦਾ ਬਹਾਦੁਰ ਇੰਜ ਕਾਲਜ ਫਤਿਹਗੜ੍ਹ ਸਾਹਿਬ, ਪਾਈਨ ਗਰੋਵ ਕਾਲਜ ਬਸੀ ਪਠਾਣਾ, ਡੀ.ਏ.ਵੀ.ਕਾਲਜ ਆਫ਼ ਐਜੂਕੇਸ਼ਨ ਹੁਸ਼ਿਆਰਪੁਰ, ਸਰਕਾਰੀ ਪਾਲੀਟੈਕਨਿਕ ਕਾਲਜ ਰਣਵਾਂ,

ਚਿਤਕਾਰਾ ਯੂਨੀਵਰਸਿਟੀ ਬੱਦੀ, ਦੁਆਬਾ ਗਰੁੱਪ ਆਫ਼ ਕਾਲਜਿਜ ਖਰੜ ਅਤੇ ਸਰਸਵਤੀ ਗਰੁੱਪ ਆਫ਼ ਕਾਲਿਜਜ ਘੜੂਆਂ ਦੇ ਵਿਦਿਆਰਥੀਆਂ ਨੇ ਇਹ ਵਜ਼ੀਫ਼ੇ ਹਾਸਲ ਕੀਤੇ। ਇਸ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਸੇਵਾਮੁਕਤ ਮੇਜਰ ਜਨਰਲ ਵਿਨਾਇਕ ਸੈਣੀ ਸਨ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਅਮਰਜੋਤ ਕੌਰ ਵੀ ਮੌਜੂਦ ਸਨ। ਇਸ ਸਮੇਂ **ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਰਾਏਪੁਰ ਵਿੱਚ ਐਮ.ਬੀ.ਏ ਕਰ ਰਹੇ ਤ੍ਰਿਪਤਪਾਲ ਸਿੰਘ ਨੂੰ ਐਲ.ਆਰ.ਮੁੰਦਰਾ ਮੈਮੋਰੀਅਲ ਸਕਾਲਰਸ਼ਿਪ ਤਹਿਤ 3 ਲੱਖ ਰੁਪਏ ਦਾ ਵਜ਼ੀਫ਼ਾ ਵੀ ਪ੍ਰਦਾਨ ਕੀਤਾ ਗਿਆ।** ਇਸ ਤੋਂ ਇਲਾਵਾ ਭਾਸ਼ਣ ਪ੍ਰਤਿਯੋਗਤਾ ਦੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ ਦਿੱਤੇ ਗਏ। ਸਮਾਗਮ ਨੂੰ ਸੰਬੋਧਿਤ ਕਰਦਿਆਂ ਮੁੱਖ ਮਹਿਮਾਨ ਜੀ ਨੇ ਲੋੜਵੰਦ ਵਿਦਿਆਰਥੀਆਂ ਦੀ ਵਿਤੀ ਮਦਦ ਕਰਨ ਲਈ ਟਰੱਸਟ ਦੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ 20000 ਰੁਪਏ ਦਾ ਯੋਗਦਾਨ ਪਾਇਆ। ਉਨ੍ਹਾਂ ਨੇ ਨੌਜਵਾਨਾਂ ਨੂੰ ਹੁਨਰ ਸਿਖਲਾਈ ਤੇ ਨਵੀਆਂ ਤਕਨੀਕਾਂ ਆਪਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ **ਸ. ਗੁਰਿੰਦਰ ਸਿੰਘ ਰਾਣਾ** ਨੇ ਸੈਣੀ ਭਵਨ ਵਿੱਚ ਚੱਲ ਰਹੇ ਸਿਲਾਈ ਕਢਾਈ ਸੈਂਟਰ ਦੀਆਂ ਵਿਦਿਆਰਥਣਾ ਨੂੰ **ਪੰਜ ਸਿਲਾਈ ਮਸ਼ੀਨਾਂ ਭੇਂਟ ਕੀਤੀਆਂ** ਅਤੇ ਸ. ਗੁਰਮੁਖ ਸਿੰਘ ਸੈਣੀ ਨੇ ਵਜ਼ੀਫਿਆਂ ਲਈ 50 ਹਜ਼ਾਰ ਰੁਪਏ ਦਿੱਤੇ। ਸਮਾਗਮ ਦੇ ਸ਼ੁਰੂ ਵਿੱਚ ਸੈਣੀ ਭਵਨ ਦੇ ਚੇਅਰਮੈਨ ਡਾ.ਅਜਮੇਰ ਸਿੰਘ ਨੇ ਟਰੱਸਟ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ ਜਦੋਂਕਿ ਸ. ਬਲਬੀਰ ਸਿੰਘ ਸੈਣੀ ਨੇ ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਉਦੇਸ਼ਾਂ ਦੀ ਜਾਣਕਾਰੀ ਦਿੱਤੀ।

**ਮੈਗਜ਼ੀਨ ਦਾ ਲੋਕਅਰਪਣ–** ਇਸ ਸਮਾਗਮ ਸਮੇਂ ਸੈਣੀ ਭਵਨ ਦੇ ਤਿਮਾਹੀ ਮੈਗਜ਼ੀਨ ਦੇ 58ਵੇਂ ਅੰਕ ਨੂੰ ਰਿਲੀਜ਼ ਕੀਤਾ ਗਿਆ। ਇਹ ਰਸਮ ਸੈਣੀ ਭਵਨ ਦੇ ਟਰੱਸਟੀ ਸ.ਰਾਮ ਸਿੰਘ ਸੈਣੀ ਅਤੇ ਹੋਰ ਪ੍ਰਬੰਧਕੀ ਮੈਂਬਰਾਂ ਨੇ ਰਲ ਕੇ ਨਿਭਾਈ। ਇਸ ਸਮੇਂ ਡਾ. ਅਜਮੇਰ ਸਿੰਘ ਨੇ ਸਰੋਤਿਆਂ ਨੂੰ ਮੈਗਜ਼ੀਨ ਵਿੱਚ ਛਪਦੀ ਸਿਰਹਤਮੰਦ ਸਮੱਗਰੀ ਦੀ ਜਾਣਕਾਰੀ ਦਿੰਦਿਆਂ ਇਸ ਦੇ ਪਾਠਕ ਬਣਨ ਦੀ ਪ੍ਰੇਰਨਾ ਦਿੱਤੀ।

ਸਾਲਾਨਾ ਸਿੱਖਿਆ ਸਮਾਗਮ ਸਮੇਂ ਸੈਣੀ ਭਵਨ ਦੇ ਟਰੱਸਟੀਆਂ-ਸ. ਹਾਕਮ ਸਿੰਘ, ਇੰਜ.ਹਰਜੀਤ ਸਿੰਘ ਸੈਣੀ, ਡਾ.ਜਸਵੰਤ ਕੌਰ, ਸ. ਦਵਿੰਦਰ ਸਿੰਘ ਜਟਾਣਾ, ਅਮਰਜੀਤ ਸਿੰਘ, ਡਾ. ਹਰਚਰਨ ਦਾਸ ਸੈਰ, ਸ. ਦਲਜੀਤ ਸਿੰਘ, ਸ਼੍ਰੀ ਰਵਿੰਦਰ ਮੁੰਦਰਾ ਐਡਵੋਕੇਟ, ਸ਼੍ਰੀ ਰਾਜੀਵ ਸੈਣੀ, ਮੈਨੇਜਰ ਹਰਦੀਪ ਸਿੰਘ, ਸ. ਰਾਜਿੰਦਰ ਸਿੰਘ ਗਿਰਨ, ਸ. ਬਹਾਦਰਜੀਤ ਸਿੰਘ, ਜਗਦੇਵ ਸਿੰਘ ਅਤੇ ਸ. ਸੁਰਿੰਦਰ ਸਿੰਘ ਤੋਂ ਇਲਾਵਾ ਸ.ਸੁਖਵਿੰਦਰ ਸਿੰਘ ਮੋਹਾਲੀ, ਸ਼੍ਰੀਮਤੀ ਭੂਪਾਲ ਕੌਰ, ਇੰਜ. ਕਰਨੈਲ ਸਿੰਘ, ਸ.ਪੰਜਾਬ ਸਿੰਘ, ਸ. ਦਲਵੀਰ ਸਿੰਘ ਰਾਏਪੁਰ, ਸ਼੍ਰੀ ਜ਼ੋਰਾਵਰ ਸਿੰਘ ਬਿੱਟੂ, ਇੰਸਪੈਕਟਰ ਅਮਰੀਕ ਸਿੰਘ ਅਤੇ ਸ. ਅਵਤਾਰ ਸਿੰਘ ਲੌਂਗੀਆ ਮੌਜੂਦ ਸਨ।

**ਟਰੱਸਟੀਆਂ ਦੇ ਜਨਮਦਿਨ ਮਨਾਏ**- ਹਰ ਮਾਸਿਕ ਮੀਟਿੰਗ ਸਮੇਂ ਉਸ ਮਹੀਨੇ ਵਿੱਚ ਪੈਂਦੇ ਟਰੱਸਟੀਆਂ ਦੇ ਜਨਮ ਦਿਨ ਮਨਾਏ ਜਾਂਦੇ ਹਨ। ਇਸ ਤਿਮਾਹੀ ਦੌਰਾਨ, ਸ. ਰਾਜਿੰਦਰ ਸਿੰਘ ਨਨੂੰਆਂ, ਸ਼੍ਰੀ ਰਾਜੀਵ ਸੈਣੀ, ਸ. ਦਲਜੀਤ ਸਿੰਘ ਅਤੇ ਇੰਜ.ਹਰਜੀਤ ਸਿੰਘ ਦੇ ਜਨਮ ਦਿਨ ਮਨਾਏ ਗਏ। ਪਹਿਲੀ ਦਸੰਬਰ, 2025 ਨੂੰ ਡਾ. ਜਸਵੰਤ ਕੌਰ 75 ਸਾਲ ਦੇ ਹੋ ਗਏ ਹਨ। ਉਨ੍ਹਾਂ ਦਾ ਜਨਮ ਦਿਨ ਗੋਲਡਨ ਜੁਬਲੀ ਵਜੋਂ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ ਅਤੇ ਉਨ੍ਹਾਂ ਦੀ ਸੈਣੀ ਭਵਨ ਵਿੱਚ ਕਾਰਗੁਜ਼ਾਰੀ ਲਈ ਭਰਪੂਰ ਸ਼ਲਾਘਾ ਕਰਦਿਆਂ ਉਨ੍ਹਾਂ ਦੀ ਲੰਬੀ ਤੇ ਸਿਹਤਮੰਦ ਜ਼ਿੰਦਗੀ ਦੀ ਕਾਮਨਾ ਕੀਤੀ ਗਈ। ਉਨ੍ਹਾਂ ਨੇ ਆਪਣੇ ਜਨਮ ਦਿਨ 'ਤੇ ਸੈਣੀ ਭਵਨ ਨੂੰ 11000/- ਰੁ: ਦਾਨ ਦਿੱਤੇ।

**ਅਣਗੌਲੇ ਸੈਣੀ ਯੋਧੇ ਦਾ ਪ੍ਰਚਾਰ–**ਸੈਣੀ ਬਰਾਦਰੀ ਨੇ ਸਮਾਜ ਨੂੰ ਅਨੇਕਾਂ ਯੋਧੇ ਅਤੇ ਨਿਰਸਵਾਰਥ ਸੇਵਕ ਦਿੱਤੇ ਹਨ ਪਰ ਉਨ੍ਹਾਂ ਵਿੱਚੋਂ ਬਹੁਤੇ ਇਤਿਹਾਸ ਵਿੱਚ ਅਣਗੌਲੇ ਰਹਿ ਗਏ ਹਨ। ਇਨ੍ਹਾਂ ਵਿੱਚੋਂ ਇੱਕ ਹੈ, ਭਾਈ ਜਮਾਲਾ ਸਿੰਘ ਨਨੂੰਆਂ ਜਿਸ ਨੇ ਛੇ ਸਿੱਖ ਗੁਰੂਆਂ ਦੀ ਸੇਵਾ ਕੀਤੀ ਅਤੇ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਦੇ ਜੀਵਨ ਨੂੰ ਸਮਾਜ ਵਿੱਚ ਉਜਾਗਰ ਕਰਨ ਲਈ ਸੈਣੀ ਭਵਨ ਦੇ ਕਾਰਜਕਾਰੀ ਪ੍ਰਧਾਨ ਸ. ਰਾਜਿੰਦਰ ਸਿੰਘ ਵਲੋਂ 8 ਪੰਨਿਆਂ ਦੀ ਇੱਕ ਰੰਗਦਾਰ ਪੁਸਤਿਕਾ ਤਿਆਰ ਕੀਤੀ ਗਈ, ਜਿਸ ਦੀਆਂ 4000 ਕਾਪੀਆਂ ਛਪਵਾਈਆਂ ਗਈਆਂ। ਇਸ 'ਤੇ ਕੁੱਲ 14000 ਰੁਪਏ ਖਰਚ ਆਏ ਜਿਸ ਵਿੱਚ ਸੈਣੀ ਭਵਨ ਦੇ ਉੱਪਚੇਅਰਮੈਨ ਸ. ਗੁਰਮੁਖ ਸਿੰਘ ਸੈਣੀ ਨੇ 12000 ਰੁਪਏ, ਡਾ. ਅਜਮੇਰ ਸਿੰਘ ਤੇ ਤੇਜ ਪ੍ਰਿੰਟਿੰਗ ਪ੍ਰੈਸ ਦੇ ਮਾਲਕ ਤਜਿੰਦਰ ਸਿੰਘ ਨੇ 1000-1000 ਰੁਪਏ ਦਾ ਯੋਗਦਾਨ ਪਾਇਆ। ਇਹ ਪੁਸਤਿਕਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮ ਸਮੇਂ ਸੰਗਤ ਵਿੱਚ ਵੰਡਣ ਦਾ ਉਪਰਾਲਾ ਕੀਤਾ ਗਿਆ। ਇਸ ਪੁਸਤਿਕਾ ਵਿੱਚ ਜਮਾਲਾ ਸਿੰਘ ਨਨੂੰਆਂ ਜੀ ਦੀ ਗੁਰੂ ਹਰਗੋਬਿੰਦ ਜੀ ਅਧੀਨ ਮੁਢਲੀ ਸਿੱਖਿਆ, ਸ਼੍ਰੀ ਗੁਰੂ ਹਰਿ ਰਾਏ ਜੀ ਦੇ ਸਮੇਂ ਗੁਰਬਾਣੀ ਦੀ ਪਵਿੱਤਰਤਾ ਲਈ ਕਾਰਜਾਂ, ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਅਸਥੀਆਂ ਦਿੱਲੀ ਤੋਂ ਲੈ ਕੇ ਆਉਣ, ਲਾਹੌਰ ਦੇ ਮਹੰਤ ਲਗਾਏ ਜਾਣ, ਭਾਈ ਘਨਈਆ ਜੀ ਦੇ ਪ੍ਰੇਰਕ ਹੋਣ, ਗੁਰੂ ਤੇਗ ਬਹਾਦਰ ਜੀ ਦੇ ਸੀਸਵਾਹਕ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਅਤੇ ਚਮਕੌਰ ਸਾਹਿਬ ਜੰਗ ਵਿੱਚ ਸ਼ਹੀਦ ਹੋਣ ਜਿਹੀਆਂ ਮੁੱਖ ਘਟਨਾਵਾਂ ਦਾ ਵਰਣਨ ਕੀਤਾ ਗਿਆ।

**ਸੈਣੀ ਭਵਨ ਦੀ ਇਮਾਰਤ ਦੀ ਮੁਰੰਮਤ–** ਸੈਣੀ ਭਵਨ ਵਿੱਚ ਅੱਠ ਦੁਕਾਨਾਂ ਹਨ ਜਿਨ੍ਹਾਂ ਵਿੱਚੋਂ 3 ਖਾਲੀ ਕਰਵਾ

ਲਈਆਂ ਗਈਆਂ ਹਨ। ਇਨ੍ਹਾਂ ਦੁਕਾਨਾਂ ਦੀ ਅੰਦਰਲੀ ਹਾਲਤ ਤਰਸਯੋਗ ਸੀ ਅਤੇ ਸ਼ਟਰ ਵੀ ਟੁੱਟੇ ਪਏ ਸਨ। ਇਨ੍ਹਾਂ ਦੁਕਾਨਾਂ ਦੇ ਫਰਸ਼ ਤੇ ਕੰਧਾਂ ਠੀਕ ਕਰਵਾਏ ਗਏ, ਪੇਂਟਿੰਗ ਕਰਵਾਈ ਅਤੇ ਸ਼ਟਰਾਂ ਦੀ ਮੁਰੰਮਤ ਕਰਵਾਈ ਗਈ। ਇਸ ਤੋਂ ਇਲਾਵਾ ਨਵੇਂ ਬਣੇ ਮਿਨੀ ਹਾਲ ਦੀ ਛੱਤ ਬਾਰਸ਼ ਸਮੇਂ ਲੀਕ ਕਰਦੀ ਸੀ ਜਿਸ ਨੂੰ ਰੋਕਣ ਲਈ ਇਸ ਦੀ ਉੱਪਰਲੀ ਛੱਤ ਨੂੰ ਵਾਟਰਪਰੂਫ ਪੇਂਟ ਕਰਵਾਈ ਗਈ। ਇਨ੍ਹਾਂ ਕੰਮਾਂ 'ਤੇ 50000 ਰੁਪਏ ਦੇ ਕਰੀਬ ਖਰਚਾ ਹੋਇਆ।

**ਪਿਛੜੀਆਂ ਜਾਤਾਂ ਲਈ ਰਿਜ਼ਰਵੇਸ਼ਨ ਵਧਾਉਣ ਬਾਰੇ ਮੀਟਿੰਗ**- ਸੈਣੀ ਬਰਾਦਰੀ ਵੀ ਹੁਣ ਪਛੜੀਆਂ ਸ਼੍ਰੇਣੀਆਂ ਵਿੱਚ ਸ਼ਾਮਿਲ ਹੈ। ਪੰਜਾਬ ਤੋਂ ਇਲਾਵਾ ਬਾਕੀ ਸਾਰੇ ਭਾਰਤ ਵਿੱਚ ਇਸ ਕੈਟਾਗਰੀ ਲਈ 27% ਰਿਜ਼ਰਵੇਸ਼ਨ ਹੈ। ਪੰਜਾਬ ਸਰਕਾਰ ਤੋਂ ਇਹ ਰਿਜ਼ਰਵੇਸ਼ਨ ਵਧਾਉਣ ਲਈ ਸੰਘਰਸ਼ ਕਰਨ ਦੀ ਜ਼ਰੂਰਤ ਹੈ। ਇਹ ਅਨੁਭਵ ਕੀਤਾ ਜਾਂਦਾ ਹੈ ਕਿ ਇਸ ਕੈਟਾਗਰੀ ਦੇ ਲੋਕਾਂ ਨੂੰ ਰਿਜ਼ਰਵੇਸ਼ਨ ਦੇ ਲਾਭਾਂ ਦੀ ਪੂਰੀ ਜਾਣਕਾਰੀ ਵੀ ਨਹੀਂ ਹੈ। ਇਸ ਘਾਟ ਨੂੰ ਪੂਰਾ ਕਰਨ ਵਿੱਚ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਨੇ ਮੋਹਰੀ ਭੂਮਿਕਾ ਨਿਭਾਉਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ 25 ਜਨਵਰੀ 2026 ਨੂੰ ਪੰਜਾਬ ਦੀਆਂ ਸਾਰੀਆਂ ਓ.ਬੀ.ਸੀ ਜਾਤਾਂ ਦੇ ਨੁਮਾਇੰਦਿਆਂ ਦਾ ਇੱਕ ਸੈਮੀਨਾਰ ਕਰਾਉਣ ਦੀ ਤਜ਼ਵੀਜ ਹੈ। ਇਸ ਦੀ ਰੂਪਰੇਖਾ ਤਿਆਰ ਕਰਨ ਲਈ 18 ਦਸੰਬਰ ਨੂੰ ਸੈਣੀ ਭਵਨ ਰੂਪਨਗਰ ਵਿੱਚ ਇੱਕ ਮੀਟਿੰਗ ਕੀਤੀ ਗਈ ਜਿਸ ਵਿੱਚ ਸ. ਬਲਵਿੰਦਰ ਸਿੰਘ ਮੁਲਤਾਨੀ ਹਾਜ਼ਰ ਹੋਏ ਅਤੇ ਉਨ੍ਹਾਂ ਨੇ ਓ.ਬੀ.ਸੀ ਦੀਆਂ ਜਾਇਜ਼ ਮੰਗਾਂ ਦੀ ਚਰਚਾ ਕੀਤੀ। ਇਸ ਸਮੇਂ ਸੈਣੀ ਭਵਨ ਦੇ ਸਾਰੇ ਟਰੱਸਟੀ ਮੌਜੂਦ ਸਨ।

## ਸ਼ਰਧਾਂਜਲੀ

ਸਾਬਕਾ ਸਿੱਖਿਆ ਰਾਜ ਮੰਤਰੀ **ਮਾਸਟਰ ਤਾਰਾ ਸਿੰਘ ਲਾਡਲ** 6 ਦਸੰਬਰ, 2025 ਨੂੰ ਅਕਾਲ ਚਲਾਣਾ ਕਰ ਗਏ। ਆਪ ਨੇ ਪੰਜਾਬ ਦੇ ਪ੍ਰਾਇਮਰੀ ਸਿੱਖਿਆ ਵਿਭਾਗ ਵਿੱਚ ਕਈ ਸਾਲਾਂ ਤੱਕ ਨੌਕਰੀ ਕੀਤੀ ਅਤੇ ਅਧਿਆਪਕ ਜਥੇਬੰਦੀਆਂ ਵਿੱਚ ਸਰਗਰਮ ਰਹੇ। ਆਪ ਲੰਬਾ ਸਮਾਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਰਹੇ ਅਤੇ ਦੋ ਵਾਰ ਰੂਪਨਗਰ ਅਸੈਂਬਲੀ ਹਲਕੇ ਤੋਂ ਐਮ.ਐਲ.ਏ ਚੁਣੇ ਗਏ। ਉਪਰੰਤ ਅਕਾਲੀ ਲੀਡਰਸ਼ਿਪ ਨਾਲ ਮੱਤਭੇਦ ਹੋ ਜਾਣ ਕਾਰਨ ਉਨ੍ਹਾਂ ਨੇ ਸਿਆਸਤ ਤੋਂ ਦੂਰੀ ਬਣਾ ਲਈ। ਉਹ ਇੱਕ ਇਮਾਨਦਾਰ ਅਤੇ ਲੋਕਪੱਖੀ ਸਿਆਸਤਦਾਨ ਸਨ। ਆਪ ਰੂਪਨਗਰ ਸ਼ਹਿਰ ਦੇ ਨਜ਼ਦੀਕ ਪਿੰਡ ਲਾਡਲ ਵਿੱਚ ਆਪਣੇ ਭਰਾਵਾਂ ਨਾਲ ਰਹਿੰਦੇ ਸਨ। ਸੈਣੀ ਭਵਨ ਦੇ ਪ੍ਰਬੰਧਕ ਆਪ ਨੂੰ ਹਾਰਦਿਕ ਸ਼ਰਧਾਂਜਲੀ ਭੇਂਟ ਕਰਦੇ ਹਨ।



## New Five Year Members of Saini Sansar Magazine

1. **S. Baljit Singh** # 1590, Sec. 69, Mohali
2. **S. Parvinderjit Singh**, # W.N.3, Desu Majra, Distt. Mohali
3. **S. Rajinder Singh**, # Vil. Rattanpura, Distt. Rupnagar
4. **S. Gurnam Singh**,# Vil. Rattanpura, Distt. Rupnagar
5. **S. Parminder Singh** S.P. M.P. Police, Bhopal (M.P)
6. **S. Didar Singh** # 1872/2B, Telephone Exchange, Rupnagar
7. **Late S. Narinder Singh**,# Bhargo Nath Road, Kankria, Ahmedabad
8. **Sh. Madan Gopal Saini**, # Vil. Atari, Distt. Rupnagar
9. **S. Puranbhag Singh,** Tauranga, Newzealand

### Welcome to New Life Member of Saini Bhawan

**S. Tripatpal Singh**
S/o S. Narinder Singh
# 138A, Adarsh Nagar
Rupnagar



## ਸੈਣੀ ਧੀ ਦੀ ਮਾਣਯੋਗ ਸਫਲਤਾ ਲਈ ਵਧਾਈ

ਰੂਪਨਗਰ ਸ਼ਹਿਰ ਦੇ ਨਜ਼ਦੀਕੀ ਪਿੰਡ ਕੋਟਲਾ ਟੱਪਰੀਆਂ ਦੇ ਸ. ਨਿਰਮਲ ਸਿੰਘ ਸੈਣੀ ਦੀ ਸਪੁੱਤਰੀ **ਜਸਮੀਤ ਕੌਰ** ਨੇ ਆਪਣੇ ਕਾਲਜ ਵਿੱਚ " ਬੈਸਟ ਟੀਚਰ ਐਵਾਰਡ, 2025" ਹਾਸਲ ਕਰ ਕੇ ਆਪਣੇ ਪਰਿਵਾਰ ਅਤੇ ਸੈਣੀ ਬਰਾਦਰੀ ਦਾ ਮਾਣ ਵਧਾਇਆ ਹੈ। ਜਸਮੀਤ ਕੌਰ, ਐਮ.ਫਾਰਮੇਸੀ ਡਿਗਰੀ ਹੋਲਡਰ ਹੈ ਅਤੇ ਜ਼ਿਲ੍ਹਾ ਮੋਹਾਲੀ ਦੇ ਸ਼ਹਿਰ ਡੇਰਾ ਬਸੀ ਵਿਖੇ ਯੂਨੀਵਰਸਲ ਕਾਲਜ ਆਫ਼ ਫਾਰਮੇਸੀ ਵਿੱਚ ਅਧਿਆਪਕ ਹੈ। ਉਸ ਨੂੰ ਇਹ ਸਨਮਾਨ ਅਧਿਆਪਨ ਕਾਰਜ ਵਿੱਚ ਉੱਚ ਪੱਧਰੀ ਕਾਰਗੁਜ਼ਾਰੀ ਦਿਖਾਉਣ ਅਤੇ ਪ੍ਰਤੀਬੱਧਤਾ ਤੇ ਸਖ਼ਤ ਮਿਹਨਤ ਨਾਲ ਆਪਣੇ ਵਿਦਿਆਰਥੀਆਂ ਦੀ ਅਗਵਾਈ ਕਰਨ ਲਈ ਪ੍ਰਦਾਨ ਕੀਤਾ ਗਿਆ ਹੈ।





ਜੀਵਨ ਜਾਚ

# ਆਓ ਜ਼ਿੰਦਗੀ ਨੂੰ ਬਣਾਈਏ ਖੁਸ਼ਗਵਾਰ

ਗੁਰਬਿੰਦਰ ਸਿੰਘ ਮਾਣਕ
ਖਰਲ ਕਲਾਂ

ਮਨੁੱਖੀ ਜ਼ਿੰਦਗੀ ਬਹੁਤ ਹੀ ਖ਼ੂਬਸੂਰਤ ਹੈ, ਤੇ ਜੇ ਕਿਸੇ ਨੂੰ ਇਸ ਨੂੰ ਜਿਊਣ ਦਾ ਸਲੀਕਾ ਆ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਅਸਲ ਵਿੱਚ ਜ਼ਿੰਦਗੀ ਜਿਊਣਾ ਵੀ ਕਿਸੇ ਹੁਨਰ ਤੋਂ ਘੱਟ ਨਹੀਂ ਹੈ। ਜੀਵਨ ਦੀ ਗੱਡੀ ਨੂੰ ਚਲਾਉਣ ਲਈ ਭਾਵੇਂ ਕੋਈ ਸਥਾਪਿਤ ਜਾਂ ਮਿਥੇ ਹੋਏ ਕੋਈ ਨਿਯਮ ਨਹੀਂ ਹਨ ਜਿਨ੍ਹਾਂ ਨੂੰ ਅਪਣਾ ਕੇ ਕੋਈ ਵਿਅਕਤੀ ਜ਼ਿੰਦਗੀ ਰੂਪੀ ਸੜਕ 'ਤੇ ਸਫ਼ਲਤਾਪੂਰਬਕ ਚੱਲ ਸਕਦਾ ਹੋਵੇ। ਅਸਲ ਵਿੱਚ ਹਰ ਵਿਅਕਤੀ ਆਪਣੇ ਢੰਗ ਨਾਲ ਹੀ ਜ਼ਿੰਦਗੀ ਜਿਉਂਦਾ ਹੈ। ਜੀਵਨ ਵਿੱਚ ਵਿਚਰਦਿਆਂ ਅਕਸਰ ਹੀ ਇਹ ਅਨੁਭਵ ਹੁੰਦਾ ਹੈ ਕਿ ਕਿਸੇ ਨੂੰ ਜ਼ਿੰਦਗੀ ਦੀ ਸਮਝ ਸਾਰਾ ਜੀਵਨ ਗੁਜ਼ਾਰ ਕੇ ਵੀ ਨਹੀਂ ਆਉਂਦੀ ਤੇ ਵਿਰਲੇ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਜੀਵਨ ਦੇ ਡੂੰਘੇ ਭੇਦਾਂ ਦੀ ਸੋਝੀ ਛੇਤੀ ਹੀ ਆ ਜਾਂਦੀ ਹੈ। ਬਹੁਤ ਥੋੜ੍ਹੇ ਲੋਕ ਹਨ ਜਿਨ੍ਹਾਂ ਦਾ ਜ਼ਿੰਦਗੀ ਪ੍ਰਤੀ ਕੋਈ ਪ੍ਰਪੱਕ ਨਜ਼ਰੀਆ ਹੁੰਦਾ ਹੈ।

ਬਹੁਤੇ ਲੋਕ ਤਾਂ ਰੋਜ਼ੀ-ਰੋਟੀ ਦੇ ਝਮੇਲਿਆਂ ਵਿੱਚ ਫਸੇ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨਾਲ ਜੂਝਦੇ ਹੀ ਇਸ ਸੰਸਾਰ ਤੋਂ ਰੁਖ਼ਸਤ ਹੋ ਜਾਂਦੇ ਹਨ। ਬਿਨਾਂ ਸ਼ੱਕ ਵਿਦਿਆ ਤੇ ਗਿਆਨ ਦੀ ਰੌਸ਼ਨੀ ਨੇ ਮਨੁੱਖੀ ਜ਼ਿੰਦਗੀ ਵਿੱਚ ਵੱਡੀਆਂ ਤਬਦੀਲੀਆਂ ਲਿਆਉਣ ਵਿੱਚ ਮਦਦ ਕੀਤੀ ਹੈ। ਪਰ ਪੜ੍ਹੇ ਲਿਖੇ ਕਹੇ ਜਾਣ ਵਾਲੇ ਅਨੇਕਾਂ ਲੋਕ ਵੀ ਕਈ ਵਾਰ ਜ਼ਿੰਦਗੀ ਜਿਉਣ ਦੇ ਸਲੀਕੇ ਤੋਂ ਕੋਰੇ ਦੇਖੇ ਜਾ ਸਕਦੇ ਹਨ। ਇਸ ਤੋਂ ਉਲਟ ਅਨੇਕਾਂ ਸਿੱਧੜ ਜਿਹੇ ਦਿਸਣ ਵਾਲੇ ਪੇਂਡੂ ਲੋਕ ਵੀ ਸਾਦਗੀਭਰਿਆ, ਕਿਰਤ ਤੇ ਮੁਸ਼ੱਕਤ ਨਾਲ ਲਬਰੇਜ਼, ਹਉਮੈਂ-ਹੰਕਾਰ ਤੋਂ ਰਹਿਤ, ਸੇਵਾਭਾਵਨਾ ਨਾਲ ਪਰੁੱਚਿਆ ਅਰਥਭਰਪੂਰ ਜੀਵਨ ਜਿਉ ਕੇ ਕਈਆਂ ਲਈ ਚਾਨਣ-ਮੁਨਾਰਾ ਬਣ ਜਾਂਦੇ ਹਨ।

ਬਹੁਤੇ ਲੋਕ ਜੀਵਨ ਵਿੱਚ ਧਨ-ਦੌਲਤ ਤੇ ਪਦਾਰਥਿਕ ਵਸਤਾਂ ਦੀ ਬਹੁਲਤਾ ਨੂੰ ਹੀ ਜ਼ਿੰਦਗੀ ਸਮਝਣ ਦਾ ਭਰਮ ਪਾਲ ਲੈਂਦੇ ਹਨ। ਬਿਨਾਂ ਸ਼ੱਕ ਇਨ੍ਹਾਂ ਚੀਜ਼ਾਂ ਤੋਂ ਬਿਨਾਂ ਜੀਵਨ ਰੂਪੀ ਗੱਡੀ ਨੂੰ ਚਲਾ ਸਕਣਾ ਔਖਾ ਹੈ, ਪਰ ਇਨ੍ਹਾਂ ਨੂੰ ਹੀ ਜ਼ਿੰਦਗੀ ਸਮਝ ਲੈਣਾ ਜ਼ਿੰਦਗੀ ਦੀ ਸਾਰਥਿਕਤਾ ਤੋਂ ਮੂੰਹ ਮੋੜ ਲੈਣਾ ਹੈ। ਜੇਕਰ ਜ਼ਿੰਦਗੀ ਜਿਉਣ ਦਾ ਮਕਸਦ ਹੀ ਕੋਈ ਨਾ ਹੋਵੇ ਤਾਂ ਅਜਿਹਾ ਜੀਵਨ ਵੀ ਬੇਅਰਥਾ ਹੋ ਜਾਂਦਾ ਹੈ। ਅਨੇਕਾਂ ਲੋਕ ਅਜਿਹੇ ਹਨ ਜਿਨ੍ਹਾਂ ਪਾਸ ਧਨ-ਦੌਲਤ ਤੇ ਹੋਰ ਵਸਤਾਂ ਦੇ ਅੰਬਾਰ ਲੱਗੇ ਹੋਏ ਹਨ ਪਰ ਉਨ੍ਹਾਂ ਦੇ ਜੀਵਨ ਵਿੱਚ ਹੁਲਾਸ ਜਾਂ ਖੁਸ਼ੀ ਦੇ ਚਿਨ੍ਹ ਦਿਖਾਈ ਨਹੀਂ ਦਿੰਦੇ। ਅਜਿਹੇ ਵਿਅਕਤੀ ਜ਼ਿੰਦਗੀ ਦੀ ਦੌੜ ਵਿੱਚ ਇਸ ਕਦਰ ਭਟਕਣ ਦਾ ਸ਼ਿਕਾਰ ਹੋ ਜਾਂਦੇ ਹਨ ਕਿ ਕਈ ਵਾਰ ਸਰੀਰਕ ਤੇ ਮਾਨਸਿਕ ਰੋਗ ਸਹੇੜ ਲੈਂਦੇ ਹਨ। ਮਨੁੱਖ ਦੀਆਂ ਸਾਰੀਆਂ ਦੌੜਾਂ ਆਪਣੇ ਜੀਵਨ ਨੂੰ ਸੁਖਦਾਈ ਤੇ ਖੁਸ਼ੀ ਭਰਿਆ ਬਣਾਉਣ ਵੱਲ ਰੁਚਿਤ ਹਨ। ਮਨੁੱਖ ਵਲੋਂ ਜ਼ਿੰਦਗੀ ਨੂੰ ਹੋਰ ਚੰਗੇਰਾ ਬਣਾਉਣ ਦੀ ਇਹ ਰੀਝ, ਜ਼ਿੰਦਗੀ ਨੂੰ ਹੋਰ ਵਧੀਆ ਢੰਗ ਨਾਲ ਮਾਨਣ ਦੇ ਚਾਅ ਦਾ ਪ੍ਰਤੀਕ ਹੈ।

ਜ਼ਿੰਦਗੀ ਕਦੇ ਇੱਕੋ ਜਿਹੀ ਨਹੀਂ ਰਹਿੰਦੀ, ਇਹ ਨਿਰੰਤਰ ਬਦਲਦੀ ਤੇ ਕਈ ਰੰਗ ਦਿਖਾਉਂਦੀ ਹੈ। ਜਿਹੜੇ ਜੀਵਨ-ਰੂਪੀ ਪਾਣੀਆਂ ਨੂੰ ਨਿਰੰਤਰ ਵਗਦੇ ਤੇ ਸਾਫ਼ਸੁਥਰੇ ਰੱਖਣ ਲਈ ਕੋਸ਼ਿਸ਼ ਰੂਪੀ ਕੰਕਰਾਂ ਨਾਲ ਪਾਣੀਆਂ ਵਿੱਚ ਲਹਿਰਾਂ ਪੈਦਾ ਕਰਨ ਵਿੱਚ ਜੁਟੇ ਰਹਿੰਦੇ ਹਨ, ਇਕ ਨਾ ਇਕ ਦਿਨ ਸਫ਼ਲਤਾ ਉਨ੍ਹਾਂ ਦੇ ਪੈਰ ਜ਼ਰੂਰ ਚੁੰਮਦੀ ਹੈ। ਇਹ ਸਭ ਕੁਝ ਕਿਸੇ ਵਿਅਕਤੀ ਦੇ ਜੀਵਨ ਪ੍ਰਤੀ ਵਤੀਰੇ ਉੱਤੇ ਨਿਰਭਰ ਕਰਦਾ ਹੈ। ਕੁੱਝ ਲੋਕ ਤਾਂ ਜ਼ਿੰਦਗੀ ਦੀਆਂ ਸੁੱਖ-ਸੁਵਿਧਾਵਾਂ ਤੋਂ ਇਸ ਕਾਰਨ ਵਿਰਵੇ ਰਹਿ ਜਾਂਦੇ ਹਨ ਕਿ ਉਨ੍ਹਾਂ ਕੋਲ ਲੋੜੀਂਦੇ ਸਾਧਨਾਂ ਦੀ ਅਣਹੋਂਦ ਹੁੰਦੀ ਹੈ ਪਰ ਕੁੱਝ ਲੋਕ ਸਾਧਨ-ਸੰਪਨ ਹੋਣ ਦੇ ਬਾਵਜੂਦ ਜ਼ਿੰਦਗੀ ਨੂੰ ਮਾਨਣ ਤੋਂ ਵਿਰਵੇ ਰਹਿ ਜਾਂਦੇ ਹਨ।

ਜ਼ਿੰਦਗੀ ਪ੍ਰਤੀ ਕੰਜੂਸੀ ਦਾ ਰਵਈਆ ਅਖਤਿਆਰ ਕਰਨ ਵਾਲੇ ਜਿਊਣਾ ਨਹੀਂ ਜਾਣਦੇ। ਕੁਦਰਤ ਦੇ ਅਨੇਕਾਂ ਖ਼ੂਬਸੂਰਤ ਰੰਗਾਂ ਨੂੰ ਮਾਨਣ ਵਿੱਚ ਭਲਾ ਕਿਹੜਾ ਧਨ ਖਰਚ ਹੁੰਦਾ ਹੈ? ਰੁੱਖ, ਬੂਟੇ, ਰੰਗ-ਬਰੰਗੇ ਫੁੱਲਾਂ ਨਾਲ ਲੱਦੀਆਂ ਟਾਹਣੀਆਂ, ਖੇਤਾਂ ਵਿੱਚ ਝੂਮਦੀਆਂ ਫਸਲਾਂ, ਬੱਚਿਆਂ ਦਾ ਨਿਰਛਲ ਹਾਸਾ, ਚਹਿਚਹਾਉਂਦੇ ਪੰਛੀ, ਟਿਮਟਿਮਾਉਂਦੇ ਤਾਰਿਆਂ ਨਾਲ ਸਜਿਆ ਗਗਨ, ਰੌਸ਼ਨੀਆਂ ਵਿਖੇਰਦਾ ਚੰਦਰਮਾ, ਵਰ੍ਹਦਾ ਮੀਂਹ, ਰੁਮਕਦੀ ਪੌਣ, ਖਿੜਖਿੜ ਹੱਸਦੀਆਂ ਮੁਟਿਆਰਾਂ ਤੇ ਜੀਵਨ ਦੇ ਡੂੰਘੇ ਅਨੁਭਵਾਂ ਦੀ ਬਾਤ ਪਾਉਂਦੇ ਬਾਬੇ ਤੇ ਹੋਰ ਬਹੁਤ ਕੁੱਝ ਅਜਿਹਾ ਹੈ ਜਿਸ ਨਾਲ ਜ਼ਿੰਦਗੀ ਰੂਪੀ ਗੱਡੀ ਨੂੰ ਨਿਰੰਤਰ ਖੁਸ਼ਗਵਾਰ ਤੇ ਜਿਉਣਯੋਗ ਬਣਾਇਆ ਜਾ ਸਕਦਾ ਹੈ। ਜ਼ਿੰਦਗੀ ਦੇ ਅਜਿਹੇ ਸੁਹਜ ਨੂੰ ਮਾਨਣ ਵਾਲੇ ਵਿਰਲੇ ਹੀ ਹਨ ਤੇ ਅਜਿਹੀ ਨੀਝ ਵੀ ਵਿਰਲਿਆਂ ਦੀ ਹੀ ਹੈ। ਅਜਿਹੇ ਵਿਅਕਤੀ ਆਰਥਿਕ ਪੱਖੋਂ ਭਾਵੇਂ ਗਰੀਬ ਹੋਣ ਪਰ ਜਿਹੜੀ ਅਮੀਰੀ ਉਨ੍ਹਾਂ ਕੋਲ ਹੁੰਦੀ ਹੈ ਉਹ ਬਹੁਤ ਥੋੜ੍ਹੇ ਲੋਕਾਂ ਦੇ ਹਿੱਸੇ ਆਉਂਦੀ ਹੈ।

ਬਹੁਤ ਥੋੜ੍ਹੇ ਲੋਕ ਹਨ ਜਿਹੜੇ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਵੀ ਖਿੜੇ ਮੱਥੇ ਜਰਨ ਦਾ ਹੌਸਲਾ ਰਖਦੇ ਹਨ। ਉਨ੍ਹਾਂ ਦਾ ਮਨ ਭਾਵੇਂ ਜਿਨ੍ਹਾਂ ਮਰਜ਼ੀ ਉਦਾਸ ਹੋਵੇ ਪਰ ਉਨ੍ਹਾਂ ਦੇ ਚਿਹਰੇ ਉੱਤੇ ਉਦਾਸੀ ਦੀ ਕੋਈ ਸ਼ਿਕਨ ਨਜ਼ਰ ਨਹੀਂ ਆਉਂਦੀ ਤੇ ਨਾਂ ਹੀ ਉਹ ਆਪਣੇ ਦੁੱਖਾਂ-ਦਰਦਾਂ ਦਾ ਵਾਰ-ਵਾਰ ਰੋਣਾ ਰੋਂਦੇ ਹਨ। ਇਸ ਦੇ ਉਲਟ ਅਜਿਹੇ ਲੋਕਾਂ ਦੀ ਵੀ ਕਮੀ ਨਹੀਂ ਜਿਹੜੇ ਹਰ ਇੱਕ ਕੋਲ ਹੀ ਆਪਣੇ ਦਰਦਾਂ ਦਾ ਰੋਣਾ ਬਹਿ ਜਾਂਦੇ ਹਨ। ਜ਼ਿੰਦਗੀ ਤੋਂ ਹਰ ਸਮੇਂ ਨਿਰਾਸ਼ ਤੇ ਉਦਾਸ ਰਹਿਣ ਵਾਲੇ ਲੋਕ ਨਰਕ ਤੋਂ ਵੀ ਬਦਤਰ ਜੀਵਨ ਬਸਰ ਕਰਨ ਦਾ ਰਾਹ ਅਪਣਾ ਕੇ ਆਪਣੀਆਂ ਪਰੇਸ਼ਾਨੀਆਂ ਵਿੱਚ ਹੋਰ ਵਾਧਾ

ਕਰ ਲੈਂਦੇ ਹਨ। ਦੁੱਖ ਸਮੇਂ ਢੇਰੀ ਢਾਹ ਬਹਿਣਾ ਜ਼ਿੰਦਗੀ ਪ੍ਰਤੀ ਨਾਹਪੱਖੀ ਨਜ਼ਰੀਆ ਹੈ।

ਕਈ ਲੋਕ ਸੁੱਖਾਂ ਤੇ ਰੰਗ-ਤਮਾਸ਼ਿਆਂ ਵਿੱਚ ਗਲਤਾਨ ਹੋ ਕੇ ਸਭ ਕੁੱਝ ਭੁੱਲ ਬੈਠਦੇ ਹਨ ਪਰ ਜਦੋਂ ਕਿਸੇ ਮੁਸੀਬਤ ਦੇ ਰੂਬਰੂ ਹੁੰਦੇ ਹਨ ਤਾਂ ਛੇਤੀਂ ਹੀ ਹੌਸਲਾ ਢਾਹ ਬਹਿੰਦੇ ਹਨ। ਜੇਕਰ ਜੀਵਨ ਵਿੱਚ ਆਉਂਦੀਆਂ ਖੁਸ਼ੀਆਂ ਤੇ ਗ਼ਮੀਆਂ ਨੂੰ ਸੰਤੁਲਿਤ ਨਜ਼ਰੀਏ ਨਾਲ ਵਿਚਾਰਿਆ ਜਾਵੇ ਤਾਂ ਜ਼ਿੰਦਗੀ ਦੀ ਸਹਿਜਤਾ ਬਰਕਰਾਰ ਰਹਿੰਦੀ ਹੈ। ਕੁੱਝ ਲੋਕਾਂ ਦੇ ਵਿਵਹਾਰ ਵਿੱਚ ਤਲਖੀ ਤੇ ਗੁੱਸਾ ਇਸ ਕਦਰ ਛਾਇਆ ਰਹਿੰਦਾ ਹੈ ਕਿ ਉਨ੍ਹਾਂ ਦੇ ਮੱਥੇ 'ਤੇ ਹਰ ਸਮੇਂ ਤਿਉੜੀਆਂ ਉੱਭਰੀਆਂ ਰਹਿੰਦੀਆਂ ਹਨ। ਅਜਿਹੇ ਵਿਅਕਤੀਆਂ ਦੇ ਵਿਵਹਾਰ ਵਿੱਚੋਂ ਹਲੀਮੀ, ਨਿਮਰਤਾ ਤੇ ਸਹਿਣਸ਼ੀਲਤਾ ਭਾਲਿਆਂ ਵੀ ਨਹੀਂ ਲੱਭਦੀ। ਕਈ ਵਾਰ ਤਾਂ ਇੰਜ ਲਗਦਾ ਹੈ ਜਿਵੇਂ ਉਹ ਆਪਣੇ ਆਪ ਨਾਲ ਹੀ ਲੜ ਰਹੇ ਹੋਣ।

ਕੁੱਝ ਲੋਕਾਂ ਦੇ ਵਿਵਹਾਰ ਵਿੱਚ ਏਨਾ ਸਲੀਕਾ ਹੁੰਦਾ ਹੈ ਕਿ ਉਹ ਹਮੇਸ਼ਾਂ ਲਈ ਤੁਹਾਡੇ ਚੇਤਿਆਂ ਵਿੱਚ ਵਸ ਜਾਂਦੇ ਹਨ। ਅਜਿਹੇ ਸ਼ਖ਼ਸ ਜਦੋਂ ਬੋਲਦੇ ਹਨ ਤਾਂ ਵਿਲੱਖਣ ਸਲੀਕੇ ਦਾ ਮੁਜ਼ਾਹਰਾ ਤਾਂ ਕਰਦੇ ਹੀ ਹਨ, ਉਨ੍ਹਾਂ ਦੇ ਬੋਲਾਂ ਨਾਲ ਵੀ ਹਰ ਕੋਈ ਗਦਗਦ ਹੋ ਉੱਠਦਾ ਹੈ। ਮਨੁੱਖੀ ਵਿਵਹਾਰ ਤੋਂ ਹੀ ਕਿਸੇ ਮਨੁੱਖ ਦੇ ਅੰਦਰਲੇ ਸੁਹੱਪਣ ਦਾ ਪਤਾ ਲਗਦਾ ਹੈ। ਅਜਿਹੇ ਵਿਅਕਤੀਆਂ ਦੀ ਹਾਜ਼ਰੀ ਮਾਹੌਲ ਨੂੰ ਖੁਸ਼ਗਵਾਰ ਬਣਾ ਦਿੰਦੀ ਹੈ। ਕੁੱਝ ਲੋਕ ਬਿਨਾਂ ਕਿਸੇ ਉਦੇਸ਼ ਜਾਂ ਨਿਸ਼ਾਨੇ ਦੇ ਵਾਹੋਦਾਹੀ ਦੌੜੇ ਰਹਿੰਦੇ ਹਨ, ਪਰ ਉਹ ਸਾਰਾ ਜੀਵਨ ਪਹੁੰਚਦੇ ਕਿਤੇ ਨਹੀਂ। ਕੁੱਝ ਮੰਜ਼ਿਲ 'ਤੇ ਪਹੁੰਚਣ ਦੀ ਕਾਹਲ ਵਿੱਚ ਛੇਤੀਂ ਹੀ ਰਾਹਾਂ ਦੀ ਧੂੜ ਵਿੱਚ ਗਵਾਚ ਜਾਂਦੇ ਹਨ।

ਜਿਹੜੇ ਨਿਰੰਤਰ ਯਤਨਾਂ ਸਦਕਾ ਹਿੰਮਤ ਤੇ ਹੌਸਲੇ ਨਾਲ ਔਖੀਆਂ ਘਾਟੀਆਂ ਨੂੰ ਵੀ ਪਾਰ ਕਰ ਜਾਂਦੇ ਹਨ, ਮੰਜ਼ਿਲ ਉਨ੍ਹਾਂ ਦਾ ਹੀ ਸਵਾਗਤ ਕਰਦੀ ਹੈ। ਕੇਵਲ ਖਾਣਾ-ਪੀਣਾ ਤੇ ਐਸ਼ਪ੍ਰਸਤੀ ਦੀ ਜ਼ਿੰਦਗੀ ਜਿਉਣਾ ਹੀ ਜ਼ਿੰਦਗੀ ਨਹੀਂ ਹੈ। ਪੈਸੇ ਦੀ ਦੌੜ ਵਿੱਚ ਹਫ਼ੇ ਹੋਏ ਲੋਕਾਂ ਦਾ ਜੀਵਨ ਵੀ ਸੁਖਾਵਾਂ ਨਹੀਂ ਹੁੰਦਾ। ਸਮੇਂ ਦੀਆਂ ਤਲਖ਼ ਹਕੀਕਤਾਂ ਨੇ ਮਨੁੱਖ ਲਈ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਉਹ ਆਰਾਮ ਨਾਲ ਬੈਠ ਕੇ ਖਾਣਾ ਵੀ ਨਹੀਂ ਖਾ ਸਕਦਾ। ਅਜੋਕਾ ਮਨੁੱਖ ਸੋਚਾਂ ਦੇ ਭਵਸਾਗਰ ਵਿੱਚ ਡੁੱਬਿਆ ਮਾਨਸਿਕ ਪ੍ਰੇਸ਼ਾਨੀਆਂ ਦੇ ਬੋਝ ਥੱਲੇ ਦੱਬਿਆ ਹੀ ਬੁਰਕੀ ਸੰਘੋਂ ਲੰਘਾਉਂਦਾ ਹੈ।

ਮਨੁੱਖ ਦਾ ਲਾਲਚੀ ਹੋਣਾ ਤਾਂ ਸਮਝ ਆਉਂਦਾ ਹੈ ਪਰ ਜਦੋਂ ਇਹ ਸਥਿਤੀ ਸਭ ਹੱਦਾਂ ਪਾਰ ਕਰ ਜਾਵੇ ਉਦੋਂ ਮਨੁੱਖ ਦਾ ਅਮਾਨਵੀ ਪੱਖ ਉਜਾਗਰ ਹੋ ਜਾਂਦਾ ਹੈ। ਅਕਸਰ ਹੀ ਦੇਖਦੇ ਹਾਂ ਕਿ ਆਰਥਿਕ ਤੌਰ 'ਤੇ ਮਜ਼ਬੂਤ ਸਿਆਸੀ ਨੇਤਾ, ਉੱਚੇ ਅਹੁਦਿਆਂ 'ਤੇ ਬੈਠੇ ਅਫ਼ਸਰ ਅੰਨ੍ਹੀ ਲਾਲਸਾ ਵਿੱਚ ਘਿਰੇ ਦੋ ਨੰਬਰ ਦੀ ਕਮਾਈ ਇਕੱਠੀ ਕਰਦੇ ਆਪਣੀ ਜ਼ਮੀਰ ਤੇ ਇੱਜ਼ਤ-ਆਬਰੂ ਨੂੰ ਆਪਣੇ ਹੱਥੀਂ ਬਰਬਾਦ ਕਰਨ ਦੇ ਰਾਹ ਤੁਰ ਪੈਂਦੇ ਹਨ। ਕਰੋੜਾਂ ਵਿੱਚ ਇਕੱਠੀ ਕੀਤੀ ਦੌਲਤ, ਕੀਮਤੀ ਸਮਾਨ, ਰਿਸ਼ਵਤ ਦੀ ਕਮਾਈ ਨਾਲ ਬਣਾਈ ਜਾਇਦਾਦ ਉਦੋਂ ਜ਼ੀਰੋ ਹੋ ਜਾਂਦੀ ਹੈ ਜਦੋਂ ਮਨੁੱਖ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਪਹੁੰਚ ਜਾਂਦਾ ਹੈ। ਜੇ ਚੰਗੀ ਤਨਖਾਹ ਲੈਣ ਵਾਲਿਆਂ ਨੂੰ ਵੀ ਸਬਰ ਨਹੀਂ ਆਉਂਦਾ, ਉਨ੍ਹਾਂ ਨੂੰ ਕਦੇ-ਕਦੇ ਝੁੱਗੀਆਂ-ਝੌਂਪੜੀਆਂ ਵਿੱਚ ਵਸਦੇ ਜੀਵਨ ਦੀਆਂ ਲੋੜਾਂ ਲਈ ਤਰਸਦੇ ਲੋਕਾਂ ਵੱਲ ਇੱਕ ਫੇਰੀ ਮਾਰ ਲੈਣੀ ਚਾਹੀਦੀ ਹੈ।

ਜ਼ਿੰਦਗੀ ਪ੍ਰਤੀ ਆਸ਼ਾਵਾਦੀ ਨਜ਼ਰੀਆ ਰੱਖਣ ਵਾਲੇ ਵਿਅਕਤੀ ਜ਼ਿੰਦਗੀ ਨੂੰ ਖੂਬ ਮਾਣਦੇ ਹਨ ਤੇ ਜ਼ਿੰਦਗੀ ਜੀਉਣ ਦੇ ਚਾਅ ਨਾਲ ਭਰੇ ਨਜ਼ਰ ਆਉਂਦੇ ਹਨ। ਅਜਿਹੇ ਲੋਕਾਂ ਸਦਕਾ ਹੀ ਇਹ ਧਰਤੀ ਰਹਿਣਯੋਗ ਤੇ ਖੁਸ਼ਗਵਾਰ ਨਜ਼ਰ ਆਉਂਦੀ ਹੈ। ਨਿਰਾਸ਼ਾ, ਵਿਅਕਤੀ ਦੇ ਅੰਦਰਲੀ ਮੌਲਿਕਤਾ ਨੂੰ ਨਸ਼ਟ ਕਰ ਕੇ ਉਸ ਨੂੰ ਅਜਿਹੇ ਰਾਹਾਂ 'ਤੇ ਤੋਰ ਦਿੰਦੀ ਹੈ ਜਿਹੜੇ ਕਿਸੇ ਅੰਨ੍ਹੀ ਗੁਫ਼ਾ ਵੱਲ ਜਾਂਦੇ ਹੋਣ। ਆਪਣੇ ਆਪ ਲਈ ਤਾਂ ਹਰ ਕੋਈ ਜਿਉਂਦਾ ਹੈ ਪਰ ਦੂਜਿਆਂ ਲਈ ਜਿਉਣਾ ਵਿਰਲਿਆਂ ਦੇ ਹੀ ਹਿੱਸੇ ਆਉਂਦਾ ਹੈ। ਜਿਹੜੇ ਇਸ ਰਾਹ ਤੁਰ ਪੈਂਦੇ ਹਨ ਉਹ ਜੀਵਨ ਦੀ ਸਾਰਥਿਕਤਾ ਨੂੰ ਸਮਝਣ ਦੀ ਸੂਝ ਪੈਦਾ ਕਰ ਲੈਂਦੇ ਹਨ। (ਫੋਨ-9815356086)

❋ ❋ ❋ ❋ ❋



ਕਵਿਤਾ

## ਕਾਦਰ ਤੇ ਕੁਦਰਤ

ਸੇਵਾ ਸਿੰਘ ਨੂਰਪੁਰੀ,
ਯੂ.ਐਸ.ਏ.

ਕਾਇਨਾਤ ਦੇ ਪਰਦੇ ਉੱਤੇ, ਕਾਦਰ ਖਿੱਚੇ ਤਸਵੀਰਾਂ।
ਕੁਦਰਤ ਬਣ ਰੰਗ ਬਖੇਰੇ, ਭਾਂਤ ਭਾਂਤ ਤਦਬੀਰਾਂ।
ਕ੍ਰੋੜਾਂ ਧਰਤ ਆਕਾਸ਼ ਬਣਾਏ, ਜਲ ਥਲ ਤੇ ਪਤਾਲਾਂ।
ਤਾਰੇ, ਸੂਰਜ, ਚੰਦ ਲੱਖਾਂ ਹੀ, ਰਾਤ ਦਿਨ ਤ੍ਰਿਕਾਲਾਂ।
ਧਰਤੀ ਘੁੰਮਦੀ ਮੌਸਮ ਬਦਲੇ, ਰੁੱਤਾਂ ਮਾਰਨ ਛਾਲਾਂ।
ਬਰਫ਼, ਕਿਤੇ ਉੱਬਲਦੇ ਚਸ਼ਮੇ, ਝਰਨੇ ਵਗਦੇ ਝਾਲਾਂ।
ਨਦੀਆਂ ਨਾਲੇ ਵੱਲ ਸਮੁੰਦਰ, ਛੱਲ ਛੱਲ ਨੇ ਵਗਦੇ।
ਸੀਨੇ ਵਿੱਚ ਤਾਂਘ ਵਸਲ ਦੀ, ਮੀਤ ਗਲ਼ੇ ਜਾ ਲਗਦੇ।
ਜੰਗਲ ਬੇਲੇ ਸਾਗਰ ਪਰਬਤ, ਜੀਅ ਜੰਤ ਸਭ ਰੰਗ।
ਆਪੇ ਕਰਨ ਕਰਾਵਨਹਾਰਾ, ਜੀਵਨ ਮਰਨ ਹੈ ਸੰਗ।
ਸਭ ਦੇ ਔਗੁਣ ਢਕ ਕੇ ਰੱਖੇ, ਆਪੇ ਹੱਥ ਵਡਿਆਏ।
ਜੇ ਤਿਸ ਭਾਵੇ ਆਪੇ ਬਖਸ਼ੇ, ਖੁਦ ਹੀ ਸਜ਼ਾ ਦਿਵਾਏ।
ਆਪੇ ਸਾਜੇ ਦੀਨ, ਦੁਖੀ, ਦਾਤੇ, ਗ਼ਰੀਬ ਅਤੇ ਅਮੀਰ।
ਢਿੱਡੋਂ ਭੁੱਖੇ, ਤਨ ਤੋਂ ਅੱਧਨੰਗੇ, ਆਤੁਰ ਤੇ ਦਿਲਗੀਰ।
ਕੁਦਰਤ ਦੇ ਬਲਿਹਾਰੇ ਜਾਈਏ, ਉਪਜਾਏ ਤੇ ਖਪਾਏ।
ਭਾਂਤ ਭਾਂਤ ਘੜਦੀ ਮੂਰਤਾਂ, ਅੰਤ ਮਿੱਟੀ ਵਿੱਚ ਸਮਾਏ।



ਅਜ਼ੀਮ ਸੈਣੀ ਸਖਸੀਅਤ

# ਸੰਤ ਅਵਤਾਰ ਸਿੰਘ ਜੀ

**ਰਜਿੰਦਰ ਸਿੰਘ ਨੰਨੂਆ**
**ਰੂਪਨਗਰ**

ਰੂਪਨਗਰ ਸ਼ਹਿਰ ਵਿਚ ਸਤਲੁਜ ਦਰਿਆ ਦੇ ਕੰਢੇ ਬੜੇ ਹੀ ਰਮਣੀਕ ਅਸਥਾਨ 'ਤੇ ਬਣੇ ਗੁਰਦੁਆਰਾ ਹੈਡ ਦਰਬਾਰ ਕੋਟ ਪੁਰਾਣ ਸਾਹਿਬ ਹੈ। ਇਸ ਅਸਥਾਨ ਦੇ ਸਭ ਤੋਂ ਪਹਿਲੇ ਮੁੱਖੀ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਜੀ ਨੂੰ ਮੰਨਿਆ ਜਾਂਦਾ ਹੈ।ਆਪ ਅਕਸਰ ਹੀ ਰੂਪਨਗਰ ਦੇ ਇਲਾਕੇ ਵਿਚ ਪ੍ਰਚਾਰ ਫੇਰੀ ਦੌਰਾਨ ਆਪਣੇ ਪਰਮ ਸੇਵਕ ਸ੍ਰ: ਜੋਗਿੰਦਰ ਸਿੰਘ, ਚੀਫ ਫਾਇਰ ਅਫਸਰ (ਲਾਹੌਰ ਅਤੇ ਸ਼ਿਮਲਾ) ਦੇ ਘਰ ਰੂਪਨਗਰ ਸਹਿਰ ਵਿਚ ਗੁਰੂ ਨਾਨਕ ਪੁਰਾ ਮੁਹੱਲੇ ਵਿਚ ਹੀ ਠਹਿਰਦੇ ਸਨ। ਸੰਤ ਜੀ ਦੀਆਂ ਖੜਾਵਾਂ ਅੱਜ ਵੀ (ਲੇਖਕ ਦੇ)ਇਸ ਪਰਿਵਾਰ ਕੋਲ ਸੰਭਾਲੀਆਂ ਹੋਈਆਂ ਹਨ। ਉਨ੍ਹਾਂ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ ਉਨ੍ਹਾਂ ਦੇ ਪਰਮ ਸੇਵਕਾਂ ਵਿਚੋਂ ਸੰਤ ਸ਼ਾਦੀ ਸਿੰਘ ਜੀ ਲੋਦੀਮਾਜਰੇ ਵਾਲੇ ਅਤੇ ਸੰਤ ਹਰੀ ਸਿੰਘ ਮਨੀਮਾਜਰੇ ਵਾਲਿਆਂ ਵਲੋਂ ਰੂਪਨਗਰ ਦੇ ਇਸ ਅਸਥਾਨ ਨੂੰ ਆਪਣੀ ਕਰਮਭੂਮੀ ਬਣਾ ਲਿਆ ਗਿਆ । ਸੰਤ ਹਰੀ ਸਿੰਘ ਮਨੀਮਾਜਰੇ ਵਾਲਿਆਂ ਵਲੋਂ ਕਦੀ ਵੀ ਸੰਤ ਸ਼ਾਦੀ ਸਿੰਘ ਜੀ ਨਾਲ ਇਸ ਡੇਰੇ ਦੀ ਕਾਰਜ ਪ੍ਰਣਾਲੀ ਸਬੰਧੀ ਕੋਈ ਦਖਲਅੰਦਾਜੀ ਨਹੀਂ ਕੀਤੀ ਗਈ। ਇਸੇ ਡੇਰੇ ਵਿਚ ਹੀ ਉਨ੍ਹਾਂ ਨੇ ਅੰਤਿਮ ਸਵਾਸ ਲਏ ਜਿਨ੍ਹਾਂ ਦੀ ਸਮਾਧ ਵੀ ਇਸ ਡੇਰੇ ਵਿਚ ਹੀ ਬਣਾਈ ਹੋਈ ਹੈ। ਸੰਤ ਸ਼ਾਦੀ ਸਿੰਘ, ਇਸ ਡੇਰੇ ਵਿਚ ਬਹੁਤ ਹੀ ਸਾਦਗੀ ਨਾਲ ਭਜਨ ਬੰਦਗੀ ਕਰਨ ਅਤੇ ਸੰਗਤ ਨੂੰ ਨਾਮ ਸਿਮਰਨ ਨਾਲ ਜੁੜੇ ਰਹਿਣ ਦਾ ਉਪਦੇਸ਼ ਦਿੰਦੇ ਰਹੇ। ਉਨ੍ਹਾਂ ਦੇ ਗੁਰਪੁਰੀ ਸਿਧਾਰ ਜਾਣ ਤੋਂ ਬਾਅਦ ਸੰਤ ਬਾਬਾ ਖੁਸ਼ਹਾਲ ਸਿੰਘ ਜੀ ਨੂੰ ਇਸ ਡੇਰੇ ਦਾ ਮੁੱਖੀ ਬਣਾਇਆ ਗਿਆ। ਸੰਤ ਸ਼ਾਦੀ ਸਿੰਘ ਜੀ ਦੇ ਸਮੇਂ ਇਸ ਡੇਰੇ ਵਿਚ ਬਿਜਲੀ ਦਾ ਕੋਈ ਕੁਨੈਕਸ਼ਨ ਵੀ ਨਹੀਂ ਸੀ। ਇੱਥੇ ਸੇਵਾਦਾਰ ਬੜੇ ਹੀ ਸਾਦਾ ਅਤੇ ਕੁਦਰਤੀ ਵਾਤਾਵਰਣ ਵਿਚ ਪਿਆਰ ਭਾਵਨਾ ਨਾਲ ਸੇਵਾ ਕਰਦੇ ਸਨ। ਸੰਤ ਬਾਬਾ ਖੁਸ਼ਹਾਲ ਸਿੰਘ ਜੀ ਨੇ ਇਸ ਡੇਰੇ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਇਸ ਡੇਰੇ ਦੀ ਕਾਇਆਕਲਪ ਕਰਨ ਵਿਚ ਵਿਸ਼ੇਸ਼ ਰੁਚੀ ਦਿਖਾਈ ਅਤੇ ਬਿਜਲੀ ਦਾ ਕੁਨੈਕਸ਼ਨ ਲਗਵਾਇਆ ਗਿਆ ਅਤੇ ਹੋਰ ਬਹੁਤ ਸਾਰੀਆਂ ਉਸਾਰੀਆਂ ਅਤੇ ਵਿਕਾਸ ਵੱਲ ਧਿਆਨ ਦਿੱਤਾ ਗਿਆ।

ਸੰਤ ਬਾਬਾ ਖੁਸ਼ਹਾਲ ਸਿੰਘ ਜੀ ਵਲੋਂ ਬਹੁਤ ਦੂਰਅੰਦੇਸ਼ੀ ਤੋਂ ਕੰਮ ਲੈਂਦਿਆਂ ਲੱਗਭੱਗ 27 ਸਾਲ ਪਹਿਲਾਂ ਸਾਲ 1998 ਵਿਚ ਮੌਜੂਦਾ ਚੌਥੇ ਮੁੱਖੀ, ਸੰਤ ਅਵਤਾਰ ਸਿੰਘ ਜੀ ਨੂੰ ਇਸ ਡੇਰੇ ਵਿਚ ਲਿਆਂਦਾ ਗਿਆ ਅਤੇ ਡੇਰੇ ਦੀ ਵਾਗਡੋਰ ਪੂਰੀ ਤਰ੍ਹਾਂ ਉਨ੍ਹਾਂ ਦੇ ਹਵਾਲੇ ਕਰ ਦਿੱਤੀ ਗਈ। ਸੰਤ ਬਾਬਾ ਖੁਸ਼ਹਾਲ ਸਿੰਘ ਜੀ ਦੇ ਜੀਵਨ ਕਾਲ ਦੌਰਾਨ ਹੀ, ਸੰਤ ਅਵਤਾਰ ਜੀ ਨੇ ਇਸ ਡੇਰੇ ਦੀ ਕੀਰਤੀ ਨੂੰ ਨਵੀਆਂ ਬੁਲੰਦੀਆਂ ਪ੍ਰਦਾਨ ਕੀਤੀਆਂ। ਸੰਤ ਅਵਤਾਰ ਸਿੰਘ ਜੀ ਰੋਪੜ ਨੇੜਲੇ ਪਿੰਡ ਭਲਿਆਣ ਵਿਚ ਪਿਤਾ ਸ. ਆਤਮਾ ਸਿੰਘ ਅਤੇ ਮਾਤਾ ਸ਼੍ਰੀਮਤੀ ਕਰਮ ਕੌਰ ਦੇ ਘਰ ਮਿਤੀ 4 ਜਨਵਰੀ, 1957 ਨੂੰ ਇਕ ਮੱਧਵਰਗੀ ਸਧਾਰਨ ਸੈਣੀ ਪਰਿਵਾਰ ਵਿਚ ਪੈਦਾ ਹੋਏ। ਆਪ ਜੀ ਤਿੰਨ ਭੈਣ ਭਰਾ ਹਨ, ਵੱਡੇ ਭਰਾ ਸ. ਜੋਗਿੰਦਰ ਸਿੰਘ, ਪਿਛਲੇ ਕਾਫੀ ਲੰਬੇ ਸਮੇਂ ਤੋਂ ਕੈਨੇਡਾ ਵਿਖੇ ਵਸੇ ਹੋਏ ਹਨ ਅਤੇ ਵੱਡੀ ਭੈਣ ਸ਼੍ਰੀਮਤੀ ਜੋਗਿੰਦਰ ਕੌਰ ਛੋਟੀ ਹਵੇਲੀ (ਰੋਪੜ) ਵਿਚ ਆਪਣੇ ਪਰਿਵਾਰ ਵਿਚ ਖੁਸ਼ੀਆਂ ਮਾਣ ਰਹੀ ਹੈ। ਸੰਤ ਅਵਤਾਰ ਸਿੰਘ ਜੀ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਮਿਡਲ ਤੱਕ ਦੀ ਪੜ੍ਹਾਈ ਖੇੜੀ ਸਲਾਬਤਪੁਰ ਦੇ ਸਕੂਲ ਤੋਂ ਕੀਤੀ। ਫਿਰ ਨੌਵੀਂ ਤੋਂ ਗਿਆਰਵੀਂ ਤੱਕ ਦੀ ਪੜ੍ਹਾਈ ਖਾਲਸਾ ਸਕੂਲ, ਸ੍ਰੀ ਚਮਕੌਰ ਸਾਹਿਬ ਤੋਂ ਕੀਤੀ। ਉਪਰੰਤ ਸਰਕਾਰੀ ਕਾਲਜ ਰੋਪੜ ਤੋਂ ਬੀ.ਏ. ਸਾਲ 1977 ਵਿਚ ਕੀਤੀ ਅਤੇ ਬੀ.ਏ. ਦਾ ਪੰਜਾਬੀ ਲਿਟਰੇਚਰ ਦਾ ਅਡੀਸ਼ਨਲ ਵਿਸ਼ਾ ਵੀ ਪਾਸ ਕੀਤਾ। ਆਪ ਦਾ ਸ਼ੁਰੂ ਤੋਂ ਹੀ ਝੁਕਾਅ ਧਾਰਮਿਕ ਖੇਤਰ ਵੱਲ ਹੋਣ ਕਰਕੇ ਆਪ 1979 ਵਿਚ ਸੰਤ ਅਜੀਤ ਸਿੰਘ ਪਰਿਵਾਰ ਵਿਛੋੜਾ ਸਾਹਿਬ ਵਾਲਿਆਂ ਦੀ ਸੰਗਤ ਵਿਚ ਸ਼ਾਮਲ ਹੋ ਕੇ ਸੇਵਾ ਦੇ ਖੇਤਰ ਨੂੰ ਸਮਰਪਿਤ ਹੋ ਗਏ ਜਿੱਥੇ ਆਪ 1998 ਤੱਕ ਆਪਣੀਆਂ ਸੇਵਾਵਾਂ ਦਿੰਦੇ ਰਹੇ। ਇਸੇ ਸਮੇਂ ਦੌਰਾਨ ਹੀ ਆਪ ਵਲੋਂ ਲੱਗਭੱਗ ਸਾਢੇ ਤਿੰਨ ਸਾਲ ਗੁਰਦੁਆਰਾ ਸਦਾਬਰਤ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਦੀ ਸੇਵਾ ਵੀ ਕਰਵਾਈ ਗਈ।



ਸੰਤ ਅਵਤਾਰ ਸਿੰਘ ਜੀ ਬਹੁਪੱਖੀ ਪ੍ਰਤਿਭਾ ਦੇ ਮਾਲਕ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਕੇਵਲ ਡੇਰੇ ਦੀਆਂ ਗਤੀਵਿਧੀਆਂ ਤੱਕ ਸੀਮਿਤ ਨਹੀਂ ਰੱਖਿਆ ਬਲਕਿ ਜੀਵਨ ਦੇ ਹਰ ਖੇਤਰ ਵਿਚ ਆਪਣੀ ਸੂਝਬੂਝ ਦੀ ਛਾਪ ਛੱਡੀ। ਉਨ੍ਹਾਂ ਵਲੋਂ ਇਸ ਅਸਥਾਨ ਦੀ ਖੂਬਸੂਰਤੀ, ਪਾਰਕਾਂ ਦੀ ਉਸਾਰੀ, ਦਰਸ਼ਨੀ ਡਿਉਢੀ, ਲੰਗਰ ਹਾਲ, ਗੁਰਦੁਆਰਾ ਸਾਹਿਬ, ਰਿਹਾਇਸ਼ੀ ਅਸਥਾਨ, ਸਰਾਵਾਂ ਆਦਿ ਦੀ ਬੜੇ ਸੁਚੱਜੇ ਢੰਗ ਨਾਲ ਉਸਾਰੀ ਕਰਵਾਈ ਅਤੇ ਗੱਡੀਆਂ ਦੀ ਪਾਰਕਿੰਗ ਦਾ ਵਧੀਆ ਪ੍ਰਬੰਧ, ਸੀ.ਸੀ.ਟੀ.ਵੀ ਲਗਵਾਉਣੇ, ਸਮਾਜ ਦੇ ਹਰ ਖੁਸ਼ੀ ਅਤੇ ਗਮੀ ਦੇ ਸਮਾਗਮਾਂ ਦਾ ਬਾਖੂਬੀ ਇੰਤਜਾਮ

ਕਰਵਾਉਣਾ ਆਦਿ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ। ਇਸੇ ਕਾਰਨ ਸ਼ਹਿਰ ਦੇ ਹਰ ਵਰਗ ਅਤੇ ਬਰਾਦਰੀ ਦੇ ਬਿਨਾਂ ਕਿਸੇ ਵਿਤਕਰੇ ਤੋਂ ਵੱਡੇ ਤੇ ਛੋਟੇ ਸਮਾਗਮਾਂ ਲਈ ਮੁੱਖ ਸਥਾਨ ਬਣਿਆ ਹੋਇਆ ਹੈ। ਸੰਤ ਅਵਤਾਰ ਸਿੰਘ ਜੀ ਵਲੋਂ ਧਾਰਮਿਕ ਅਸਥਾਨਾਂ ਦੀ ਉਸਾਰੀ, ਹਸਪਤਾਲਾਂ ਦੀ ਕਾਰਗੁਜ਼ਾਰੀ, ਵਿਦਿਅਕ ਅਤੇ ਸਮਾਜਿਕ ਅਦਾਰਿਆਂ ਵਿਚ ਉਨ੍ਹਾਂ ਵਲੋਂ ਕਰਵਾਏ ਵਿਕਾਸ ਕਾਰਜ ਉਨ੍ਹਾਂ ਦੀ ਸਰਬਸਾਂਝੀ ਸ਼ਖਸੀਅਤ ਦੀ ਗਵਾਹੀ ਭਰਦੇ ਹਨ।

**ਧਾਰਮਿਕ ਅਸਥਾਨਾਂ ਦੀ ਸੇਵਾ** : ਆਪ ਨੇ ਸੰਤ ਅਜੀਤ ਸਿੰਘ ਜੀ ਦੀ ਅਗਵਾਈ ਵਿਚ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਜੀ ਦੀ ਕਾਰਸੇਵਾ ਤੋਂ ਇਲਾਵਾ ਡੇਰਾ ਦਸ਼ਮੇਸ਼ ਬੁੰਗਾ ਸ੍ਰੀ ਅਨੰਦਪੁਰ ਸਾਹਿਬ ਅਤੇ ਗੁਰਦੁਆਰਾ ਸਦਾਬਰਤ, ਰੋਪੜ ਦੀ ਸੇਵਾ ਕਰਵਾਈ। ਇਸ ਉਪਰੰਤ ਉਨ੍ਹਾਂ ਵਲੋਂ ਨਿਹੋਲਕਾ ਪਿੰਡ ਵਿੱਚ ਸਰੋਵਰ ਦੀ ਉਸਾਰੀ ਕਰਵਾਈ ਗਈ, ਫਿਰ ਆਪ ਵਲੋਂ ਸੁੰਦਰਨਗਰ ਨਜਦੀਕ ਨ੍ਹੇਰ ਚੌਂਕ ਵਿਖੇ ਗੁਰਦੁਆਰਾ ਸਾਹਿਬ ਦੇ ਹਾਲ ਦੀ ਉਸਾਰੀ ਦੀ ਸੇਵਾ ਕਰਵਾਈ ਗਈ। ਪਿੰਡ ਲੋਦੀਮਾਜਰਾ ਦੇ ਗੁਰਦੁਆਰਾ ਸਾਹਿਬ ਦਾ ਬਹੁਤ ਸੁੰਦਰ ਕੰਪਲੈਕਸ ਤਿਆਰ ਕਰਵਾਇਆ ਗਿਆ। ਸ੍ਰੀ ਅਨੰਦਪੁਰ ਸਾਹਿਬ ਵਿਖੇ 'ਮੋਇਆਂ ਦੀ ਮੰਡੀ ਦੇ ਗੁਰਦੁਆਰਾ ਸਾਹਿਬ ਦੀ ਨਵੀਂ ਬਿਲਡਿੰਗ ਦੀ ਉਸਾਰੀ ਕਰਵਾਈ ਗਈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਇਤਿਹਾਸਕ ਗੁਰਦੁਆਰਾ ਭੋਰਾ ਸਾਹਿਬ (ਗੁਰੂ ਕੇ ਮਹਿਲ) ਜਿਥੇ ਗੁਰੂ ਸਾਹਿਬ ਜੀ ਦੇ 11 ਪਰਿਵਾਰ ਮੈਂਬਰਾਂ ਦਾ ਨਿਵਾਸ ਹੋਇਆ ਕਰਦਾ ਸੀ, ਦੀ ਬਹੁਤ ਹੀ ਖੂਬਸੂਰਤ ਇਮਾਰਤ ਦੀ ਸੇਵਾ ਕਰਵਾਈ ਗਈ ਅਤੇ ਪਾਰਕਾਂ ਦਾ ਵਿਕਾਸ ਕੀਤਾ ਗਿਆ।

**ਵਿਦਿਅਕ ਅਦਾਰਿਆਂ ਦੀ ਸੇਵਾ**- ਸੰਤ ਅਵਤਾਰ ਸਿੰਘ ਜੀ ਵਲੋਂ ਵੱਖ ਵੱਖ ਵਿਦਿਅਕ ਅਦਾਰਿਆਂ ਵਿਚ ਸੇਵਾ ਕਰਵਾਈ ਗਈ ਜਿਵੇਂ ਕਿ ਸਰਕਾਰੀ ਕਾਲਜ ਰੂਪਨਗਰ ਦੀ ਬਿਲਕੁਲ ਹੀ ਖਰਾਬ ਅਤੇ ਨਾਵਰਤਣਯੋਗ ਖੇਡ ਗਰਾਉਂਡ ਦੀ ਨੁਹਾਰ ਬਦਲੀ ਗਈ, ਸ਼ਿਵਾਲਿਕ ਸਕੂਲ ਰੂਪਨਗਰ ਦੇ ਦੋ ਖੇਡ ਮੈਦਾਨ ਤਿਆਰ ਕਰਵਾਏ ਗਏ, ਗੁਰਮਤਿ ਮਿਸ਼ਨਰੀ ਕਾਲਜ ਚੌਂਤਾ ਵਿਚ ਭਰਤ ਪਾਇਆ ਗਿਆ, ਰੂਪਨਗਰ ਸ਼ਹਿਰ ਦੀ ਅਫਸਰ ਕਲੋਨੀ ਨਜਦੀਕ ਲਾਅਨ ਟੈਨਿਸ ਦੇ ਗਰਾਊਡ ਦਾ ਕੰਮ ਕਾਰਸੇਵਾ ਰਾਹੀਂ ਕਰਵਾਇਆ ਗਿਆ। ਭਾਈ ਨੰਦ ਲਾਲ ਖਾਲਸਾ ਸਕੂਲ, ਸ੍ਰੀ ਅਨੰਦਪੁਰ ਸਾਹਿਬ ਵਿਖੇ ਗਰਾਉਂਡ, ਗੁਰਦੁਆਰਾ, ਸ਼ੈਡ, ਟਾਇਲੈਟਸ ਦੀ ਉਸਾਰੀ ਕਰਵਾਈ ਗਈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਰੂਪਨਗਰ ਵਿਚ ਪੀਣ ਵਾਲੇ ਪਾਣੀ ਦਾ ਬੋਰ ਕਾਰਸੇਵਾ ਰਾਹੀਂ ਕਰਵਾਇਆ ਗਿਆ।

**ਸਮਾਜਿਕ ਖੇਤਰ ਦੇ ਅਦਾਰਿਆਂ ਦੀ ਸੇਵਾ**-ਆਪ ਨੇ ਰੂਪਨਗਰ ਦੇ ਮਹਾਰਾਜਾ ਰਣਜੀਤ ਸਿੰਘ ਬਾਗ ਵਿਚ ਕੰਮ, ਨਹਿਰੂ ਸਟੇਡੀਅਮ ਦੀ ਪਾਰਕਿੰਗ ਦੀ ਸੇਵਾ, ਰੋਟਰੀ ਕਲੱਬ ਦੀ (ਅਰਥ) ਭਰਤ ਦਾ ਕੰਮ, ਸਰਵਿਸ ਕਲੱਬ ਦਾ ਅਰਥ ( ਭਰਤ) ਦਾ ਕੰਮ, ਪਰੈਸ ਕਲੱਬ ਦੀਆਂ ਪਾਰਕਾਂ ਦਾ ਵਿਕਾਸ, ਸਰਕਾਰੀ ਹਸਪਤਾਲ, ਰੂਪਨਗਰ ਵਿਚ 450ਫੁੱਟ ਡੂੰਘਾ ਪੀਣ ਵਾਲੇ ਪਾਣੀ ਦਾ ਬੋਰ ਵੀ ਕਾਰ ਸੇਵਾ ਰਾਹੀਂ ਕਰਵਾਇਆ।

**ਲੰਗਰ ਸੇਵਾ**-ਆਪ ਵਲੋਂ ਆਪਣੇ ਮੁੱਖ ਅਸਥਾਨ ਗੁਰਦੁਆਰਾ ਸਾਹਿਬ ਵਿਖੇ ਚੌਵੀ ਘੰਟੇ ਅਟੁੱਟ ਗੁਰੂ ਕਾ ਲੰਗਰ ਤਾਂ ਵਰਤਾਇਆ ਹੀ ਜਾਂਦਾ ਹੈ, ਇਸ ਤੋਂ ਇਲਾਵਾ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਹਜ਼ੂਰ ਸਾਹਿਬ ਨੰਦੇੜ ( ਮਹਾਰਾਸ਼ਟਰ) ਵਿਖੇ ਵੀ ਵਿਸ਼ੇਸ਼ ਤੌਰ 'ਤੇ ਲੰਗਰ ਲਗਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਪਨਾ ਦਿਵਸ ਮੌਕੇ, ਖਾਲਸਾ ਸਾਜਨਾ ਦਿਵਸ (ਵਿਸਾਖੀ ) ਦੇ ਪੁਰਬ ਮੌਕੇ, ਦਸ਼ਮੇਸ਼ ਪਿਤਾ ਜੀ ਦੇ ਵਿਆਹ ਪੁਰਬ ਮੌਕੇ ਅਤੇ ਬਸੰਤ ਪੰਚਮੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ, ਸਾਲਾਨਾ ਸ਼ਹੀਦੀ ਜੋੜ ਮੇਲਿਆਂ ਦੌਰਾਨ ਸ੍ਰੀ ਪਰਿਵਾਰ ਵਿਛੋੜਾ ਸਾਹਿਬ, ਸ੍ਰੀ ਚਮਕੌਰ ਸਾਹਿਬ ਅਤੇ ਗੁਰਦੁਆਰਾ ਜੋਤੀ ਸਰੂਪ ਦੇ ਨਜਦੀਕ ਫਤਹਿਗੜ੍ਹ ਸਾਹਿਬ ਵਿਖੇ ਵੀ ਗੁਰੂ ਕੇ ਲੰਗਰ ਲਗਾਏ ਜਾਂਦੇ ਹਨ।

**ਸਾਲਾਨਾ ਸ਼ਹੀਦੀ ਸਮਾਗਮਾਂ ਸਮੇਂ ਨਗਰ ਕੀਰਤਨ**- ਸੰਤ ਅਵਤਾਰ ਸਿੰਘ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਸਾਲਾਨਾ ਸ਼ਹੀਦੀ ਸਭਾ ਦੇ ਅਵਸਰ 'ਤੇ ਗੁਰਦੁਆਰਾ ਸ੍ਰੀ ਪਰਿਵਾਰ ਵਿਛੋੜਾ ਸਾਹਿਬ ਤੋਂ ਕੁੰਮਾ ਮਾਛਕੀ ਦੀ ਇਤਿਹਾਸਿਕ ਛੰਨ ਵਾਲੇ ਅਸਥਾਨ ਦੇ ਗੁਰਦੁਆਰਾ ਸਾਹਿਬ ਤੱਕ ਇਕ ਵਿਲੱਖਣ ਨਗਰ ਕੀਰਤਨ ਕੱਢਿਆ ਜਾਂਦਾ ਹੈ ਜਿਸ ਵਿਚ ਸੰਗਤਾਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜਾਦਿਆਂ ਦੁਆਰਾ ਹੰਢਾਏ ਉਸ ਭਿਆਨਕ ਸਮੇਂ ਦਾ ਅਹਿਸਾਸ ਮਨ ਵਿਚ ਲੈ ਕੇ ਵੈਰਾਗ ਨਾਲ ਸ਼ਾਮਲ ਹੁੰਦੀਆਂ ਹਨ। ਦੂਜਾ ਨਗਰ ਕੀਰਤਨ ਸਰਸੇ ਦੇ ਕੰਢੇ ਤੋਂ ਰੋਪੜ ਦੇ ਮੁਹੱਲਾ ਉੱਚਾ ਖੇੜਾ ਵਿਚ ਸਥਿਤ ਗੁਰਦੁਆਰਾ ਗੁਰੂ ਕੇ ਮਹਿਲ ਤੱਕ ਲਿਜਾਇਆ ਜਾਂਦਾ ਹੈ ਜਿੱਥੇ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਇਕ ਰਾਤ ਲਈ ਇਸ ਬਿਖੜੇ ਅਤੇ ਭਿਆਨਕ ਸਮੇਂ ਉਥੇ ਰਾਤ ਠਹਿਰੇ ਸਨ। ਅਤੇ ਤੀਜਾ ਨਗਰ ਕੀਰਤਨ ਸ੍ਰੀ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਲਿਜਾਇਆ ਜਾਂਦਾ ਹੈ ਜਿੱਥੇ ਦਸਮੇਸ਼ ਪਿਤਾ ਜੀ ਦੇ ਵੱਡੇ ਸਾਹਿਬਜ਼ਾਦੇ 40 ਸਿੰਘਾਂ ਨਾਲ ਸ਼ਹੀਦੀ ਪ੍ਰਾਪਤ ਕਰ ਗਏ ਸਨ।

**ਧਰਮ ਪ੍ਰਚਾਰ ਦੇ ਕਾਰਜ:** ਆਪ ਵਲੋਂ ਧਰਮ ਪ੍ਰਚਾਰ ਦੇ ਕਾਰਜ ਹਿੱਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੋਇਆਂ ਦੀ ਮੰਡੀ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਨੂੰ ਕੀਰਤਨ ਸਿਖਾਉਣ ਲਈ ਤਬਲੇ ਅਤੇ ਵਾਜਾ ਵਜਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਸ਼ੁੱਧ ਉਚਾਰਣ ਲਈ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ ਜਿਸ ਲਈ ਯੋਗ ਅਧਿਆਪਕ ਉਪਲੱਬਧ ਹਨ।

**ਫਰੀ ਡਿਸਪੈਂਸਰੀ**- ਗੁਰਦੁਆਰਾ ਹੈਡ ਦਰਬਾਰ ( ਟਿੱਬੀ

ਸਾਹਿਬ) ਰੂਪਨਗਰ ਵਿਖੇ ਗਰੀਬਾਂ ਲਈ ਮੰਗਲਵਾਰ ਅਤੇ ਸ਼ਨੀਵਾਰ ਹਫਤੇ ਵਿਚ ਦੋ ਦਿਨ ਲਈ ਫਰੀ ਆਯੁਰਵੈਦਿਕ ਡਿਸਪੈਂਸਰੀ ਵੀ ਖੋਲ੍ਹੀ ਹੋਈ ਹੈ ਜਿਥੋਂ ਲੋੜਵੰਦ ਆਪਣਾ ਇਲਾਜ ਕਰਵਾਉਂਦੇ ਹਨ।

**ਵਿਦਿਆ ਪ੍ਰਾਪਤੀ ਲਈ ਵਜ਼ੀਫ਼ਾ/ ਫੀਸਾਂ**-ਸੰਤ ਅਵਤਾਰ ਸਿੰਘ ਜੀ ਦੀ ਰਹਿਨੁਮਾਈ ਹੇਠ ਲੱਗ ਭੱਗ 15 ਤੋਂ 20 ਗਰੀਬ ਬੱਚੇ ਜਿਨ੍ਹਾਂ ਦੇ ਪਰਿਵਾਰਾਂ ਵਿਚ ਕੋਈ ਕਮਾਊ ਨਹੀਂ ਹੁੰਦਾ ਜਾਂ ਪਿਤਾ ਨਹੀਂ ਹੁੰਦਾ ਤਾਂ ਅਜਿਹੇ ਬੱਚਿਆਂ ਦੀ ਵਿਦਿਆ ਪ੍ਰਾਪਤੀ ਲਈ ਉਨ੍ਹਾਂ ਦੀਆਂ ਫੀਸਾਂ ਅਤੇ ਕਿਤਾਬਾਂ ਮੁਹੱਈਆਂ ਕਰਵਾਈਆਂ ਜਾਂਦੀਆਂਹਨ।

**ਗਰੀਬ ਲੜਕੀਆਂ ਦੇ ਵਿਆਹ:**ਆਪ ਜੀ ਦੀ ਅਗਵਾਈ ਵਿਚ ਗੁਰਦੁਆਰੇ ਵਲੋਂ ਹਰ ਸਾਲ 50 ਦੇ ਕਰੀਬ ਬੇਸਹਾਰਾ ਜਾਂ ਗਰੀਬ ਲੜਕੀਆਂ ਦੇ ਮੁਫ਼ਤ ਵਿਚ ਵਿਆਹ ਕੀਤੇ ਜਾਂਦੇ ਹਨ ਅਤੇ ਵਿਆਹ ਵਿਚ ਲੰਗਰ ਆਦਿ ਦਾ ਪ੍ਰਬੰਧ ਸਾਰਾ ਫਰੀ ਕੀਤਾ ਜਾਂਦਾ ਹੈ।

**ਸਮਾਜਿਕ ਸੰਗਠਨਾਂ ਲਈ ਅਤੇ ਕੁਦਰਤੀ ਆਫਤਾਂ ਸਮੇਂ ਲੰਗਰ**-ਸੰਤ ਅਵਤਾਰ ਸਿੰਘ ਜੀ ਦਾ ਕਾਰਜ ਖੇਤਰ ਕੇਵਲ ਵਿਦਿਅਕ, ਸਮਾਜਿਕ, ਧਾਰਮਿਕ, ਸਿਹਤ ਦੇ ਖੇਤਰ ਤੱਕ ਸੀਮਤ ਨਹੀਂ ਹੈ ਜਦੋਂ ਭਾਰਤ ਸਰਕਾਰ ਵਲੋਂ ਕਿਸਾਨੀ ਹਿੱਤਾਂ ਦੇ ਵਿਰੁਧ ਤਿੰਨ ਖੇਤੀ ਕਾਲੇ ਕਾਨੂੰਨਾਂ ਨੂੰ ਖਤਮ ਕਰਨ ਲਈ ਕਿਸਾਨਾਂ ਨੇ ਨਵੀਂ ਦਿੱਲੀ ਦੇ ਸਿੰਘੂ ਬਾਰਡਰ 'ਤੇ 13 ਮਹੀਨੇ ਲੰਬਾ ਮੋਰਚਾ ਲਗਾਇਆ ਤਾਂ ਸੰਤ ਜੀ ਵਲੋਂ ਕਿਸਾਨਾਂ ਦੇ ਸਮਰਥਨ ਵਿਚ ਸਾਰਾ ਸਮਾਂ ਲੰਗਰ ਦਾ ਪ੍ਰਬੰਧ ਕੀਤਾ ਗਿਆ ਜਿਸ ਤੋਂ ਉਨ੍ਹਾਂ ਦੀ ਸੰਘਰਸ਼ੀ ਸੂਰਮਿਆਂ ਪ੍ਰਤੀ ਹਮਦਰਦੀ ਵਾਲੀ ਸੋਚ ਉਜਾਗਰ ਹੁੰਦੀ ਹੈ।

**ਕਰੋਨਾ ਕਾਲ ਵਿਚ ਸੇਵਾ**-ਸੰਸਾਰ ਭਰ ਵਿਚ ਜਦੋਂ ਕਰੋਨਾ ਕਾਲ ਦੌਰਾਨ ਜਦੋਂ ਗਰੀਬ ਅਤੇ ਕਿਰਤੀ ਲੋਕਾਂ ਲਈ ਆਪਣੇ ਪਰਿਵਾਰ ਲਈ ਦੋ ਵਕਤ ਦਾ ਖਾਣਾ ਵੀ ਔਖਾ ਹੋ ਗਿਆ ਸੀ ਤਾਂ ਸੰਤਾਂ ਦੀ ਅਗਵਾਈ ਵਿਚ ਰੋਜ਼ਾਨਾ ਮਹੀਨਿਆਂ ਬੱਧੀ ਲੱਗਭੱਗ 12000 ਤੋਂ 13000 ਵਿਅਕਤੀਆਂ ਦਾ ਖਾਣਾ ਤਿਆਰ ਕੀਤਾ ਜਾਂਦਾ ਸੀ ਜੋ ਵੱਖ ਵੱਖ ਥਾਵਾਂ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਲੋੜਵੰਦਾਂ ਵਿਚ ਵੰਡਿਆ ਜਾਂਦਾ ਸੀ। ਇਹ ਸੇਵਾ ਸਿੱਖੀ ਸਿਧਾਤਾਂ 'ਤੇ ਪਹਿਰਾ ਦੇਣ ਦੀ ਇਕ ਮਿਸਾਲ ਹੈ।

**ਹੜਾਂ ਦੌਰਾਨ ਸੇਵਾ**:ਇਸ ਤੋਂ ਇਲਾਵਾ ਇਲਾਕੇ ਵਿਚ ਜਦੋਂ ਕਦੇ ਵੀ ਹੜ੍ਹ ਆਦਿ ਨਾਲ ਲੋਕਾਂ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਗੁਰਦੁਆਰਾ ਸਾਹਿਬ ਵਲੋਂ ਜਰੂਰਤਮੰਦਾਂ ਨੂੰ ਲੋੜੀਂਦਾ ਲੰਗਰ ਆਦਿ ਮੁਹੱਈਆ ਕਰਵਾ ਕੇ ਲੋਕਾਈ ਦੀ ਸੇਵਾ ਕੀਤੀ ਜਾਂਦੀ ਹੈ।

ਸੰਤ ਅਵਤਾਰ ਸਿੰਘ ਜੀ ਕੇਵਲ ਇਕ ਬਹੁਪੱਖੀ ਸਖਸ਼ੀਅਤ ਹੀ ਨਹੀਂ ਬਲਕਿ ਸੰਸਥਾਵਾਂ ਦੇ ਸਮੂਹ ਦਾ ਪ੍ਰਤੀਬਿੰਬ ਹਨ। ਆਪ ਜੀ ਦੀ ਜੀਵਨ ਦੀ ਸਾਦਗੀ, ਸੰਗਤ ਨਾਲ ਹਲੀਮੀ ਅਤੇ ਪਿਆਰ ਦਾ ਵਰਤਾਵ, ਸੇਵਾ ਪ੍ਰਤੀ ਲਗਨ ਆਪ ਨੂੰ ਹਰ ਧਰਮ, ਬਰਾਦਰੀਆਂ, ਪ੍ਰਸ਼ਾਸਨ, ਸਮਾਜਿਕ ਅਤੇ ਰਾਜਨੀਤੀਕ ਸੰਗਠਨ ਸਰਬ ਸਾਂਝਾ ਸਵੀਕਾਰਦੇ ਹੋਏ ਆਪ ਦੀ ਸਖਸੀਅਤ ਦੀ ਹਰਮਨ ਪਿਆਰਤਾ ਵਿਚ ਵਾਧਾ ਕਰਦੇ ਹਨ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਗੁਰੂ ਮਹਾਰਾਜ ਆਪ ਜੀ ਨੂੰ ਹੋਰ ਤਾਕਤ, ਤੰਦਰੁਸਤੀ ਤੇ ਚੜ੍ਹਦੀ ਕਲਾ ਬਖਸਣ ਤਾਂ ਜੋ ਆਪ ਵਲੋਂ ਆਰੰਭੀ ਸੇਵਾ ਨਿਰੰਤਰ ਜਾਰੀ ਰਹੇ।

❋ ❋ ❋ ❋ ❋

## ਗਰੀਬ ਦੇਸ਼ ਦੇ ਸ਼ਾਹੀ ਨੇਤਾ

**ਆਮਦਨ ਐਮ.ਐਲ.ਏ-** ਮਾਸਕ ਤਨਖਾਹ ਭੱਤਿਆਂ ਸਮੇਤ= 1,20000 ਰੁਪਏ ਤੋਂ ਵੱਧ। ਮਾਸਕ ਪੈਨਸ਼ਨ (ਇੱਕ ਟਰਮ ਲਈ) =75150 ਰੁਪਏ। ਇਨ੍ਹਾਂ ਤੋਂ ਇਲਾਵਾ ਮੁਫ਼ਤ ਰਿਹਾਇਸ਼, ਕਾਰ ਤੇ ਡਰਾਇਵਰ, ਪੀ.ਏ. ਤੇ ਹੋਰ ਦਫ਼ਤਰੀ ਅਮਲਾ, ਸੁਰੱਖਿਆ ਕਰਮਚਾਰੀ, ਮੁਫ਼ਤ ਬਿਜਲੀ ਤੇ ਪਾਣੀ, ਸਸਤਾ ਰਾਸ਼ਨ, ਬਹੁਤ ਘੱਟ ਵਿਆਜ 'ਤੇ ਕਰਜ਼ਾ ਅਤੇ ਸਰਕਾਰੀ ਖਜਾਨੇ 'ਚੋਂ ਆਮਦਨ ਕਰ ਦੀ ਅਦਾਇਗੀ, ਸਾਰੀ ਉਮਰ ਮੈਡੀਕਲ ਸਹੂਲਤ, ਅਤੇ ਸਫ਼ਰ ਲਈ ਰੇਲਵੇ ਪਾਸ।

**ਐਮ.ਪੀ.-** ਮਾਸਕ ਤਨਖਾਹ= 1,24000/, ਸੰਸਦੀ ਭੱਤਾ=70000/, ਦਫ਼ਤਰੀ ਖਰਚ=60000/, ਮੁਫ਼ਤ ਬਿਜਲੀ ਤੇ ਪਾਣੀ ਅਤੇ ਰੇਲਵੇ ਤੇ ਹਵਾਈ ਸਫ਼ਰ।ਮਾਸਕ ਪੈਨਸ਼ਨ=31000/

**ਕੰਮ**

ਕਾਨੂੰਨ ਬਣਾਉਣੇ, ਸੰਵਿਧਾਨਕ ਸੋਧਾਂ ਕਰਨੀਆਂ, ਲੋਕਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦੁਆਉਣਾ, ਸਰਕਾਰ ਦੇ ਕੰਮਾਂ ਦੀ ਨਿਗਰਾਨੀ ਆਦਿ- ਪਰ ਕੋਈ ਸਾਲਾਨਾ ਮੁਲਾਂਕਣ ਜਾਂ ਜਵਾਬਦੇਹੀ ਨਹੀਂ।

**ਮੁਲੰਕਣ :- ਕੋਈ ਨਹੀਂ**

❋ ❋ ❋ ❋ ❋

**ਧਰਤੀ ਦੀ ਸ਼ੁਰੂਆਤ ਦਾ ਜਿਉਂਦਾ-ਜਾਗਦਾ ਪ੍ਰਮਾਣ** ਭਾਰਤ ਵਿੱਚ ਹੈ। ਵਿਗਿਆਨੀਆਂ ਅਨੁਸਾਰ ਅੱਜ ਤੋਂ ਕਰੀਬ 3.2 ਅਰਬ ਸਾਲ ਪਹਿਲਾਂ ਬਣੀ ਧਰਤੀ ਦੀ ਮੂਲ ਠੋਸ ਜ਼ਮੀਨ ਭਾਰਤ ਦੇ ਸੂਬੇ ਝਾਰਖੰਡ ਵਿੱਚ ਮੌਜੂਦ ਹੈ। ਇਸ ਨੂੰ ਸਿੰਘਭੂਮ ਕ੍ਰੇਟਨ ਕਿਹਾ ਜਾਂਦਾ ਹੈ। ਇਹ ਧਰਤੀ ਦੇ ਆਰੰਭਿਕ ਭੂਗਰਭ ਇਤਿਹਾਸ ਦੀ ਅਦਭੁੱਤ ਗਵਾਹ ਹੈ। ਇਸ ਲਈ ਝਾਰਖੰਡ ਕੇਵਲ ਇੱਕ ਖਣਿਜ-ਭਰਪੂਰ ਰਾਜ ਹੀ ਨਹੀਂ ਬਲਕਿ ਵਿਸ਼ੇਸ਼ ਸਥਾਨ ਹੈ। ਇਸ ਪੱਖੋਂ ਭਾਰਤ ਮਹਾਨ ਹੈ।

❋ ❋ ❋ ❋ ❋

## ਸ਼ੁੱਭ ਵਚਨ

ਜੇ ਕਦੇ ਸਾਨੂੰ ਮਹਿਸੂਸ ਹੋਣ ਲੱਗੇ ਕਿ ਆਪਣੇ ਟੀਚੇ ਨੂੰ ਹਾਸਲ ਕਰਨਾ ਸਾਡੇ ਲਈ ਸੰਭਵ ਨਹੀਂ, ਤਾਂ ਆਪਣੇ ਟੀਚੇ ਨੂੰ ਬਦਲਣ ਦੀ ਥਾਂ, ਆਪਣੇ ਕੰਮ ਕਰਨ ਦੇ ਤਰੀਕੇ ਨੂੰ ਬਦਲੋ।

-ਕਨਫਿਊਸ਼ੀਅਸ

## ਮਿੰਨੀ ਕਹਾਣੀ - ਦੁੱਕੀ ਤਿੱਕੀ

ਚਰਨਜੀਤ ਸਿੰਘ ਕਤਰਾ
ਸਹੌੜਾਂ



ਅੱਜ ਜਦੋਂ ਪਿੰਡ ਤੋਂ ਸਰਪੰਚ ਦਾ ਫੋਨ, ਮੇਰੇ ਵੱਡੇ ਭਰਾ ਕੇਹਰ ਸਿੰਘ ਬਾਰੇ ਆਇਆ ਤਾਂ ਮੈਂ ਪ੍ਰੇਸ਼ਾਨ ਹੋ ਗਿਆ। ਮੈਨੂੰ ਸਮਝ ਨਾ ਆਵੇ ਕਿ ਮੈਂ ਕੀ ਕਰਾਂ, ਕੀ ਨਾ ਕਰਾਂ। ਮੈਨੂੰ ਉਹ ਵਕਤ ਯਾਦ ਆ ਗਿਆ ਜਦੋਂ ਬਾਪੂ ਜੀ ਦੇ ਮਰਨ ਤੋਂ ਕਈ ਮਹੀਨੇ ਬਾਅਦ, ਮੈਂ ਵੱਡੇ ਭਰਾ ਨੂੰ ਕਿਹਾ ਸੀ, "ਬਾਈ, ਕਿਸੇ ਦਿਨ ਆਪਾਂ ਵਿਰਾਸਤ ਦਾ ਇੰਤਕਾਲ ਕਰਵਾ ਲਈਏ।" ਭਰਾ ਨੇ ਖੰਗੂਰਾ ਮਾਰਦਿਆਂ ਕਿਹਾ ਸੀ, " ਤਾਰੀ, ਇਹ ਕੰਮ ਤਾਂ ਬਾਪੂ ਪਹਿਲਾਂ ਹੀ ਕਰ ਗਿਆ। ਉਨ੍ਹੇ ਜ਼ਮੀਨ ਨਾ ਮੇਰੇ ਨਾਂ , ਨਾ ਤੇਰੇ ਨਾਂ ਕੀਤੀ, ਉਹ ਤਾਂ ਦੋਵੇਂ ਪੋਤਿਆਂ ਦੇ ਨਾ ਕਰਵਾ ਗਿਆ"।

" ਹੈਂ!! ਮੈਂ ਸੁਣ ਕੇ ਹੈਰਾਨ ਹੋ ਗਿਆ ਸੀ, ਪੋਤਿਆਂ ਦੇ ਨਾਮ ਕਰਾ ਗਿਆ, ਮੇਰੇ ਪੁੱਛੇ ਬਿਨਾਂ ਹੀ, ਤੁਸੀਂ ਐਡਾ ਵੱਡਾ ਧੋਖਾ ਕੀਤਾ, ਮੈਨੂੰ ਤੁਸੀਂ ਮਰਿਆ ਸਮਝ ਲਿਆ"।

" ਦੇਖ ਤਾਰੀ! ਮੈਂ ਬਾਪੂ ਨੂੰ ਕਿਹਾ ਤੀ ਕਿ ਛੋਟੇ ਨੂੰ ਪੁੱਛ ਲੈ ਪਰ ਉਹ ਕਹਿੰਦਾ ਕਿ ਉਦੇ ਕਿਹੜਾ ਅਲਾਦ ਐ, ਕੱਲ੍ਹ ਨੂੰ ਫੇਰ ਵੀ ਇਨ੍ਹਾਂ ਨੂੰ ਹੀ ਜਾਣੀ ਐ"।

" ਹੁਣ ਤੱਕ ਤਾਂ ਮੈਂ ਕਦੇ ਸੋਚਿਆ ਹੀ ਨਹੀਂ ਸੀ ਕਿ ਵੱਡਾ ਭਰਾ ਮੇਰੇ ਨਾਲ ਐਂ ਕਰੂਗਾ, ਜ਼ਮੀਨ ਜਾਇਦਾਦ ਬਾਰੇ ਤਾਂ ਬਿਲਕੁਲ ਵੀ ਨੀ। ਮੈਂ ਤਾਂ ਤੁਹਾਡੇ ਔਖੇ ਸਮੇਂ ਵੀ ਨਾਲ ਖੜ੍ਹਦਾ ਰਿਹਾ, ਪਰ ਤੁਸੀਂ .....। ਕੋਈ ਨੀ ਹੁਣ ਮੈਂ ਤੁਹਾਨੂੰ ਅਦਾਲਤ ਵਿੱਚ ਹੀ ਟੱਕਰੂੰ"।

" ਓਏ ਟੱਕਰ ਲੀਂ, ਜਿੱਥੇ ਟੱਕਰਨਾ ਐ, ਤੇਰੇ ਵਰਗੇ ਦੁੱਕੀ-ਤਿੱਕੀ ਨੂੰ ਮੈਂ ਕੀ ਸਿਆਣਦਾਂ। ਯਾਦ ਰੱਖੀਂ ਕਿਤੇ ਜ਼ਮੀਨ ਪਿੱਛੇ ਜਾਨ ਤੋਂ ਹੱਥ ਨਾ ਧੋ ਬੈਠੀਂ।"

ਉਸ ਤੋਂ ਬਾਅਦ ਜ਼ਿੰਦਗੀ ਪ੍ਰੇਸ਼ਾਨੀ ਦੀ ਦਲਦਲ ਵਿੱਚ ਹੀ ਫਸਗੀ। ਗੁੱਸਾ ਬਹੁਤ ਆਉਂਦਾ ਕਿ ਉਸ ਨੂੰ ਦੱਸ ਦੇਵਾਂ ਕਿ ਦੁੱਕੀ ਕੀ ਕਰ ਸਕਦਾ ਪਰ ਲੋਕਾਂ ਤੋਂ ਸੁਣਦਾ ਕਿ ਜੋ ਪਿਓ ਕਰ ਗਿਆ, ਉਸ ਨੂੰ ਹੁਣ ਕੁੱਝ ਨੀ ਹੋ ਸਕਦਾ। ਮੈਂ ਪਟਵਾਰੀ ਤੋਂ ਰਿਕਾਰਡ ਦੇਖਿਆ, ਇੰਤਕਾਲ ਸਾਲ ਤੋਂ ਪਹਿਲਾਂ ਹੋਇਆ ਸੀ। ਇਸ ਪ੍ਰੇਸ਼ਾਨੀ ਵਿੱਚ ਮੇਰਾ ਸਾਥ ਪਤਨੀ ਨੇ ਦਿੱਤਾ ਇਹ ਕਹਿ ਕੇ ਕਿ 'ਸਾਡੇ ਕੋਲ ਰੱਬ ਦਾ ਦਿੱਤਾ ਬਹੁਤ ਹੈ, ਤੁਸੀਂ ਸਭ ਕੁੱਝ ਭੁੱਲਜੋ ਤੇ ਸਕੂਨ ਨਾਲ ਭਰੀ ਜ਼ਿੰਦਗੀ ਜੀਵੋ। ਉਨ੍ਹਾਂ ਮਾੜਾ ਕੀਤਾ ਬਸ ਰੱਬ 'ਤੇ ਛੱਡੋ'। ਮੈਂ ਹੌਲੀ ਹੌਲੀ ਸਾਹਿਤ ਨਾਲ ਜੁੜ ਕੇ ਜ਼ਿੰਦਗੀ ਨੂੰ ਰਾਹੇ ਪਾ ਲਿਆ।

ਉਸ ਤੋਂ ਬਾਅਦ ਦੁੱਖ-ਸੁੱਖ ਵਿੱਚ ਪਿੰਡ ਜਾਂਦੇ ਰਹੇ ਪਰ ਭਰਾ ਨਾਲ ਬਿਲਕੁਲ ਮੇਲਜੋਲ ਬੰਦ ਹੋ ਗਿਆ ਤੇ ਸਾਨੂੰ ਪਤਾ ਲਗਦਾ ਰਿਹਾ ਕਿ ਭਰਾ ਦੇ ਵੱਡੇ ਮੁੰਡੇ ਨੇ ਆਪਣੇ ਹਿੱਸੇ ਦੀ ਜ਼ਮੀਨ ਵੇਚਤੀ ਤੇ ਬਾਹਰ ਨਿਕਲ ਗਿਆ ਪਰ ਉਸ ਦਾ ਪਤਾ ਨੀ ਲਗਦਾ ਕਿੱਥੇ ਰੁਲਦਾ ਫਿਰਦਾ। ਤੇ ਛੋਟਾ ਨਸ਼ੇ ਕਾਰਣ ਜ਼ਮੀਨ ਭੋਰਭੋਰ ਕੇ ਖਾਣ ਲਗ ਪਿਆ। ਭਰਾ ਕੁੱਝ ਨੀ ਕਰ ਸਕਿਆ ਜਿਨ੍ਹਾਂ ਕਰ ਕੇ ਮੇਰੇ ਨਾਲ ਧੋਖਾ ਕੀਤਾ ਸੀ।

ਅੱਜ ਪਿੰਡੋਂ ਸਰਪੰਚ ਦਾ ਫੋਨ ਆਇਆ ਕਿ ਤੇਰਾ ਭਰਾ ਬਹੁਤ ਬਿਮਾਰ ਹੈ, ਉਹ ਨੂੰ ਕੋਈ ਨੀ ਪੁੱਛਦਾ, ਨਾ ਵਕਤ ਸਿਰ ਰੋਟੀ ਨਾ ਪਾਣੀ, ਇਲਾਜ ਤਾਂ ਕਿਨ੍ਹੇ ਕਰਾਉਣਾ। ਉਹ ਦਾ ਮੰਜਾ ਵੀ ਡੰਗਰਾਂ ਆਲੇ ਕੋਠੇ ਅੰਦਰ ਚਲੇ ਗਿਆ। ਉਹ ਰੋਂਦਾ ਇੱਕ ਵਾਰ ਤੈਨੂੰ ਮਿਲ ਕੇ ਮੁਆਫੀ ਮੰਗਣੀ ਚਾਹੁੰਦਾ। ਸੁਣ ਕੇ ਮੇਰੀਆਂ ਅੱਖਾਂ ਭਰ ਆਈਆਂ। ਮੈਂ ਪਤਨੀ ਨਾਲ ਸਲਾਹ ਕੀਤੀ ਤਾਂ ਉਸ ਨੇ ਕਿਹਾ, "ਜਿਵੇਂ ਤੁਹਾਡਾ ਮਨ ਕਰਦਾ ਤੁਸੀਂ ਕਰੋ. ਮੈਂ ਤੁਹਾਡੇ ਨਾਲ ਹਾਂ"।

ਮੈਂ ਕਾਫੀ ਸੋਚ ਵਿਚਾਰ ਕੇ ਸਰਪੰਚ ਨੂੰ ਫੋਨ ਕਰ ਦਿੱਤਾ ਕਿ ਮੈਂ ਉਸ ਦੇ ਸਾਹਮਣੇ ਨੀ ਆ ਸਕਦਾ, ਮਾਫ ਤਾਂ ਮੈਂ ਪਹਿਲਾਂ ਹੀ ਕਰ ਦਿੱਤਾ ਸੀ। ਤੁਸੀਂ ਉਸ ਦਾ ਇਲਾਜ ਕਰਾਓ ਚੰਗੇ ਡਾਕਟਰ ਤੋਂ, ਜੇ ਕੋਈ ਸਾਂਭਦਾ ਨੀਂ, ਉਸ ਨੂੰ ਪੁੱਛ ਲੋ। ਮੈਂ ਬਿਰਧ ਆਸ਼ਰਮ ਵਿੱਚ ਦਾਖਲ ਕਰਵਾ ਦੇਵਾਂਗਾ ਤੇ ਇਹ ਸਾਰਾ ਖਰਚਾ ਜਦੋਂ ਤੱਕ ਜ਼ਰੂਰਤ ਹੋਈ ਮੈਂ ਆਪੇ ਕਰੂੰਗਾ, ਪਰ ਉਸ ਨੂੰ ਇਸ ਬਾਰੇ ਪਤਾ ਨੀ ਲਗਣਾ ਚਾਹੀਦਾ ਕਿ ਇਹ ਕੰਮ ਕਿਸ ਦੁੱਕੀ-ਤਿੱਕੀ ਨੇ ਕੀਤਾ ਹੈ।

## ਅਦਭੁੱਤ ਕੁਦਰਤ

ਦੁਨੀਆਂ ਵਿੱਚ ਇੱਕ ਅਨੋਖਾ ਅਜਿਹਾ ਸ਼ਹਿਰ ਵੀ ਹੈ ਜਿੱਥੇ **ਮਰਨਾ ਮਨ੍ਹਾਂ** ਹੈ। ਨਾਰਵੇ ਦੇਸ਼ ਦਾ ਛੋਟਾ ਜਿਹਾ ਆਰਕਟਿੱਕ ਕਸਬਾ ਇੰਨਾਂ ਠੰਢਾ ਹੈ ਕਿ ਇੱਥੇ ਦਫ਼ਨਾਈ ਗਈ ਲਾਸ਼ ਗਲਦੀ-ਸੜਦੀ ਨਹੀਂ। ਬਰਫ਼ੀਲੀ ਜ਼ਮੀਨ ਲਾਸ਼ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰਖਦੀ ਹੈ। ਇੱਥੇ ਸੌ ਸਾਲ ਪੁਰਾਣੀਆਂ ਲਾਸ਼ਾਂ ਵਿੱਚੋਂ ਵੀ ਜੀਵਿਤ ਵਾਇਰਸ ਮਿਲੇ ਹਨ। ਇਸ ਲਈ ਜਦੋਂ ਇਸ ਸ਼ਹਿਰ ਦਾ ਕੋਈ ਵਸਨੀਕ ਗੰਭੀਰ ਰੂਪ ਵਿੱਚ ਬਿਮਾਰ ਹੋ ਜਾਂਦਾ ਹੈ ਤਾਂ ਇੱਥੇ ਮਰਨ ਤੋਂ ਬਚਣ ਲਈ ਉਸ ਨੂੰ ਤੁਰੰਤ ਇੱਥੋਂ ਬਾਹਰ ਲੈ ਜਾਇਆ ਜਾਂਦਾ ਹੈ। ਇੱਥੇ ਕਿਸੇ ਨੂੰ ਮਰਨ ਦੀ ਆਗਿਆ ਨਹੀਂ।

ਕੀ ਤੁਸੀਂ ਕਦੇ '**ਦੁਨੀਆਂ ਦੀ ਛੱਤ**' ਬਾਰੇ ਸੁਣਿਆਂ-ਪੜ੍ਹਿਆ ਹੈ? ਏਸ਼ੀਆ ਮਹਾਂਦੀਪ ਦੇ ਉਤਰ-ਪੂਰਬ ਵਿੱਚ ਇਹ ਮੌਜੂਦ ਹੈ। ਤਿੱਬਤ ਦਾ ਕਿੰਘਾਈ ਪਠਾਰ ਸਮੁੰਦਰੀ ਤੱਟ ਤੋਂ ਔਸਤਨ 4500 ਮੀਟਰ ਦੀ ਉਚਾਈ 'ਤੇ ਹੈ। ਇਸ ਦੀਆਂ ਕਈ ਪਹਾੜੀ ਚੋਟੀਆਂ ਬੱਦਲਾਂ ਤੋਂ ਵੀ ਉੱਪਰ ਹਨ। ਇਹ ਦੁਨੀਆਂ ਦਾ ਸਭ ਤੋਂ ਉੱਚਾ ਅਤੇ ਸਭ ਤੋਂ ਵੱਡਾ ਪਠਾਰ ਹੈ। ਇਸ ਲਈ ਇਸ ਨੂੰ ਦੁਨੀਆਂ ਦੀ ਛੱਤ ਕਿਹਾ ਜਾਂਦਾ ਹੈ।

# ਉਮਰੋਂ ਲੰਮਾ ਹਉਕਾ...ਪਰਵਾਸ

ਪਰਮਜੀਤ ਕੌਰ
ਸਰਹਿੰਦ

ਬਚਪਨ ਵਿੱਚ 'ਪਰਵਾਸ' ਸ਼ਬਦ ਨਾ ਕਦੇ ਪੜ੍ਹਿਆ ਤੇ ਨਾ ਕਦੇ ਸੁਣਿਆ ਸੀ। ਅੱਜ ਇਹ ਸ਼ਬਦ ਹਰ ਪਾਸੇ ਫੈਲਿਆ ਹੋਇਆ ਹੈ। ਪੰਜ-ਸੱਤ ਦਹਾਕੇ ਪਹਿਲਾਂ ਆਪਣੇ ਬਜ਼ੁਰਗਾਂ ਤੋਂ ਸੁਣਦੇ ਸਾਂ ਕਿ ਕੁਝ ਲੋਕ ਰੁਜ਼ਗਾਰ ਲਈ ਅਮਰੀਕਾ, ਕੈਨੇਡਾ, ਇੰਗਲੈਂਡ, ਸਿੰਘਾਪੁਰ, ਬਰਮਾ, ਚੀਨ ਤੇ ਦੱਖਣੀ ਅਫ਼ਰੀਕਾ ਆਦਿ ਦੇਸ਼ਾ ਵਿੱਚ ਗਏ। ਮੁੜ ਕਲਕੱਤਾ ਜਾਂ ਹੋਰ ਮਹਾਂਨਗਰਾਂ ਵਿੱਚ ਆ ਕੇ ਸਥਾਪਤ ਹੋ ਗਏ। ਉਨ੍ਹਾਂ ਨੇ ਜ਼ਿਆਦਾਤਰ ਟਰੱਕਾਂ-ਟੈਕਸੀਆਂ ਦੇ ਕਾਰੋਬਾਰ ਕਰ ਲਏ। ਆਪਣੀ ਮਿੱਟੀ ਨੂੰ ਮੋਹ ਕਰਨ ਵਾਲਿਆਂ, ਜ਼ੱਦੀ ਪਿੰਡਾਂ ਵਿੱਚ ਜ਼ਮੀਨ-ਜਾਇਦਾਦਾਂ ਬਣਾਈਆਂ ਤੇ ਉੱਥੇ ਆ ਵੱਸੇ। ਬਹੁਤ ਘੱਟ ਲੋਕ ਵਿਦੇਸ਼ਾਂ ਵਿੱਚ ਟਿਕੇ। ਇੱਕ ਸਮਾਂ ਆਇਆ ਕਿ ਮਿਹਨਤਕਸ਼ ਲੋਕ ਸਿਰਫ਼ ਪੰਜਾਹ ਰੁਪਏ ਵਿੱਚ ਪਾਸਪੋਰਟ ਬਣਾ ਕੇ ਇੰਗਲੈਂਡ ਪੁੱਜੇ। ਇਨ੍ਹਾਂ ਨਾਲ ਕੁਝ ਕਿਸਾਨ ਪਰਿਵਾਰਾਂ ਦੇ ਜੀਅ ਵੀ ਉਸੇ ਕੈਟੇਗਰੀ ਵਿੱਚ ਉੱਥੇ ਚਲੇ ਗਏ। ਗੋਰੀ ਸਰਕਾਰ ਨੂੰ ਕਿਰਤੀ ਵਰਗ ਦੀ ਲੋੜ ਸੀ ਤੇ ਪੰਜਾਬੀਆਂ ਦੀ ਕਿਰਤੀ ਬਿਰਤੀ ਨੂੰ ਜੱਗ ਜਾਣਦਾ ਹੈ। ਉਹ ਲੋਕ ਸਮਾਂ ਪਾ ਕੇ ਮਿਹਨਤ ਸਦਕਾ ਵੱਡੇ ਕਾਰੋਬਾਰੀ ਬਣ ਗਏ। ਪਿੰਡਾਂ ਵਿੱਚ ਚੋਖੀਆਂ ਜਾਇਦਾਦਾਂ ਬਣਾਈਆਂ। ਫਿਰ ਦੌਰ ਆਇਆ ਨੌਕਰੀ ਤੋਂ ਸੇਵਾਮੁਕਤ ਹੋਣ ਪਿਛੋਂ ਕੋਈ ਵਿਰਲਾ ਵਿਦੇਸ਼ ਜਾਣ ਲੱਗਾ। ਉਹ ਉੱਥੇ ਡਰਾਈਵਰ ਜਾਂ ਕਿਸੇ ਕਾਰਖ਼ਾਨੇ ਵਿੱਚ ਕੰਮ ਕਰਦਾ। ਪਿੱਛੇ ਪਰਿਵਾਰ ਰੱਜ ਕੇ ਰੋਟੀ ਖਾਣ ਲੱਗਦਾ। ਇਹ ਲੋਕ ਦੀਵਾਲੀ ਜਾਂ ਕਿਸੇ ਖ਼ੁਸ਼ੀ-ਗਮੀ ਮੌਕੇ ਆਪਣੇ ਘਰ ਗੇੜਾ ਮਾਰਦੇ ਰਹਿੰਦੇ। ਇਨ੍ਹਾਂ ਦੇ ਪਰਦੇਸ ਜਾਣ ਨੂੰ ਕਦੇ ਕੋਈ ਪਰਵਾਸ ਦਾ ਨਾਮ ਨਹੀਂ ਸੀ ਦਿੰਦਾ।

ਕੁਝ ਹੀ ਸਮੇਂ ਦੇ ਅੰਦਰ ਜੋ ਪਰਿਵਰਤਨ ਇਸ ਵਰਤਾਰੇ ਵਿੱਚ ਦੇਖਣ ਨੂੰ ਮਿਲਿਆ ਹੈ ਉਹ ਗਹਿਰੀ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ। ਇਸ ਨੇ ਹਰ ਆਮ-ਖ਼ਾਸ ਵਿਅਕਤੀ ਦੇ ਚਿੱਤ ਨੂੰ ਚਿਤਵਣੀ ਲਾਈ ਹੈ। ਭਾਵੇਂ ਪਰਿਵਰਤਨ ਕੁਦਰਤ ਦਾ ਨਿਯਮ ਹੈ, ਪਰ ਤਿੱਖੀ ਗਤੀ ਨਾਲ ਆਇਆ ਬਦਲਾਅ ਖ਼ਤਰਨਾਕ ਵੀ ਹੁੰਦਾ ਹੈ। ਸਹਿਜ ਮਤੇ ਵਗਦਾ ਪਾਣੀ ਤੇ ਹਵਾ ਪ੍ਰਾਣੀਆਂ ਨੂੰ ਜੀਵਨ ਬਖ਼ਸ਼ਦਾ ਹੈ, ਪਰ ਦੋਵਾਂ ਦੀ ਤੇਜ਼ ਰਫ਼ਤਾਰ ਹੜ੍ਹ, ਹਨੇਰੀ ਜਾਂ ਝੱਖੜ ਬਣ ਕੇ ਤਬਾਹੀ ਮਚਾਉਂਦੀ ਹੈ। ਕਿਸੇ ਪਿੰਡ, ਸ਼ਹਿਰ ਜਾਂ ਰਿਸ਼ਤਦਾਰਾਂ ਵੱਲ ਨਜ਼ਰ ਮਾਰੀਏ ਤਾਂ ਕੋਈ ਹੀ ਘਰ ਅਜਿਹਾ ਹੋਵੇਗਾ ਜਿਸ ਵਿੱਚੋਂ ਕੋਈ ਜੀਅ ਪਰਦੇਸ ਨਾ ਗਿਆ ਹੋਵੇ। ਗੁਆਂਢ-ਮੁਹੱਲੇ ਬਾਰੇ ਦੇਖਦਿਆਂ-ਸੁਣਦਿਆਂ ਪਤਾ ਲੱਗਦਾ ਹੈ ਕਿਵੇਂ ਘਰਾਂ ਦੇ ਘਰ ਖ਼ਾਲੀ ਹੋ ਰਹੇ ਹਨ। ਕਮਾਈ ਜਾਂ ਪੜ੍ਹਾਈ ਕਰਨ ਲਈ ਵਿਦੇਸ਼ ਜਾਣਾ ਮਾੜਾ ਨਹੀਂ, ਪਰ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ ਰਹਿ ਜਾਣਾ ਚੰਗਾ ਨਹੀਂ। ਵਿੱਚ-ਵਿਚਾਲੇ ਰੁਝਾਨ ਰਿਹਾ ਕਿ ਲੋਕ ਪਰਦੇਸ ਵਿੱਚ ਕਮਾਈ ਕਰਦੇ ਤੇ ਆਪਣੇ ਵਤਨ ਵਿੱਚ ਜ਼ਮੀਨਾਂ-ਜਾਇਦਾਦਾਂ ਖ਼ਰੀਦ ਕੇ ਅਗਲੇ-ਪਿਛਲੇ ਧੋਣੇ ਧੋ ਦਿੰਦੇ, ਪਰ ਹੁਣ ਅਜਿਹੀ ਪੁੱਠੀ ਹਵਾ ਵਗੀ ਕਿ ਲੋਕਾਂ ਖ਼ਾਸ ਕਰ ਨੌਜਵਾਨ ਪੀੜ੍ਹੀ ਨੇ ਮਜ਼ਬੂਰੀ ਵੱਸ ਜਾਂ ਦੇਖਾ-ਦੇਖੀ ਸੱਤ ਸਮੁੰਦਰੋਂ ਪਾਰ ਜਾਣ ਲਈ ਵਹੀਰਾਂ ਘੱਤ ਲਈਆਂ। ਮਾਪਿਆਂ ਨੂੰ ਆਪਣੇ ਪੁਰਖਿਆਂ ਦੀ ਖ਼ੂਨ ਪਸੀਨਾ ਇਕ ਕਰਕੇ ਬੰਜਰ ਤੋਂ ਜ਼ਰਖ਼ੇਜ਼ ਬਣਾਈ ਭੂਮੀ ਬੱਚਿਆ ਦੇ ਭਵਿੱਖ ਲਈ ਦਿਲ 'ਤੇ ਪੱਥਰ ਰੱਖ ਕੇ ਵੇਚਣੀ ਪਈ। ਆਮ ਜਾਂ ਮੱਧਵਰਗੀ ਪਰਿਵਾਰਾਂ ਨੇ ਕਰਜ਼ੇ ਚੁੱਕੇ ਜਾਂ ਮਿਹਨਤ ਮੁਸ਼ੱਕਤ ਕਰਕੇ ਜੋੜੇ ਚਾਰ ਪੈਸੈ ਵਿਦੇਸ਼ੀ ਕਾਲਜਾਂ, ਯੂਨੀਵਰਸਿਟੀਆਂ, ਏਜੰਟਾਂ ਤੇ ਅੰਬੈਸੀਆਂ ਦੀ ਭੇਟ ਚੜ੍ਹਾ ਦਿੱਤੇ। ਜਿਨ੍ਹਾਂ ਭਾਗਾਂ ਵਾਲਿਆਂ ਦੀ ਲਾਇਕ ਔਲਾਦ ਕਾਮਯਾਬ ਹੋ ਗਈ, ਉਨ੍ਹਾਂ ਨੇ ਸੁੱਖ ਦਾ ਸਾਹ ਲਿਆ; ਪਰ ਜਿਹੜੇ ਕਿਸੇ ਤਣ ਪੱਤਣ ਨਾ ਲੱਗੇ, ਉਨ੍ਹਾਂ ਦੇ ਮਾਪਿਆਂ ਦੀ ਹਾਲਤ ਹੋਰ ਵੀ ਮਾੜੀ ਹੋ ਗਈ। ਪਹਿਲਾਂ ਸਿਰਫ਼ ਪੰਜਾਬ ਦੇ ਪੁੱਤ ਹੀ ਬਾਹਰ ਜਾ ਰਹੇ ਸਨ ਪਰ ਹੁਣ ਧੀਆਂ ਵੀ ਪਰਦੇਸਾਂ ਨੂੰ ਜਾ ਰਹੀਆਂ ਹਨ, ਜਿਨ੍ਹਾਂ ਨੂੰ ਅਸੀ ਵਿਆਹ ਤੋਂ ਬਾਅਦ ਪਰਦੇਸਣਾਂ ਕਹਿੰਦੇ ਸਾਂ। ਇਹ ਅੱਜ ਦੇ ਪੰਜਾਬ ਦੀ ਤ੍ਰਾਸਦੀ ਹੈ।

ਮਹਿੰਗੀ ਵਿੱਦਿਆ, ਬੇਰੁਜ਼ਗਾਰੀ, ਰੁਲਦੇ ਸਰਟੀਫਿਕੇਟ, ਡਿਗਰੀਆਂ, ਡਿਪਲੋਮੇ ਤੇ ਮੈਡਲ ਕਾਣੀ ਕੌਡੀ ਦੇ ਹੋ ਕੇ ਰਹਿ ਜਾਂਦੇ ਹਨ। ਅਜੋਕੇ ਗੈਂਗਸਟਰ ਕਲਚਰ ਤੋਂ ਡਰਦੇ ਲੋਕ ਵੀ ਬੱਚਿਆਂ ਨੂੰ ਵਤਨੋਂ ਦੂਰ ਕਰ ਰਹੇ ਹਨ। ਕਈ ਵਾਰ ਭਟਕਦੀ ਜਵਾਨੀ ਕੁਰਾਹੇ ਪੈ ਕੇ ਨਸ਼ਿਆਂ ਦੀ ਦਲਦਲ ਵਿੱਚ ਧੱਸ ਜਾਂਦੀ ਹੈ। ਇਸ ਆਲਮ ਵਿੱਚ ਕਈ ਖ਼ੁਦਕੁਸ਼ੀਆਂ ਦੇ ਰਾਹ ਪੈ ਜਾਂਦੇ ਹਨ ਤੇ ਮਾਪੇ ਜਿਊਂਦੇ ਜੀਅ ਮਰਿਆਂ ਦੇ ਬਰਾਬਰ ਹੋ ਕੇ ਰਹਿ ਜਾਂਦੇ ਹਨ। ਬੇਵੱਸ ਮਾਪੇ ਇਨ੍ਹਾਂ ਅਣਹੋਣੀਆਂ ਤੋਂ ਡਰਦੇ ਵੀ ਕਾਲਜੇ 'ਤੇ ਪੱਥਰ ਨਹੀਂ ਬਲਕਿ ਪੂਰਾ ਪਹਾੜ ਰੱਖ ਕੇ ਔਲਾਦ ਨੂੰ ਪਰਵਾਸ ਨਹੀਂ ਜਿਵੇਂ ਬਨਵਾਸ ਦੇ ਦਿੰਦੇ ਹਨ। ਮਾਂ-ਬਾਪ ਤੇ ਦਾਦੇ-ਦਾਦੀਆਂ ਤਾਂ ਜਿਵੇਂ ਉਮਰੋਂ ਪਹਿਲਾਂ ਹੀ ਬੁੱਢੇ ਹੋ ਜਾਂਦੇ ਹਨ। ਉਨ੍ਹਾਂ ਦੇ ਮਮਤਾ ਵਿੱਚ ਵੈਰਾਗੇ ਸਾਹ ਹਉਕੇ ਬਣ ਕੇ ਰਹਿ ਜਾਂਦੇ ਹਨ। ਮਾਪਿਆਂ ਲਈ ਉਮਰੋਂ ਲੰਮਾ ਹਉਕਾ ਬਣ ਜਾਂਦਾ ਹੈ ਔਲਾਦ ਦਾ ਇਹ ਪਰਵਾਸ...।

ਸਮਝ ਨਹੀਂ ਆਉਂਦੀ ਇਹ ਕੀ ਭਾਣਾ ਵਰਤ ਗਿਆ ਹੈ ਕਿ ਵਿਦਿਆਰਥੀ ਜਾਂ ਬੱਚੇ ਤਾਂ ਹੁਣ ਦਸਵੀਂ-ਬਾਰ੍ਹਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਵਿਦੇਸ਼ ਜਾਣ ਦੇ ਸੁਪਨੇ ਦੇਖਣ ਲਗਦੇ ਹਨ। ਸਾਡੇ ਨੇਤਾ, ਸਾਡਾ ਕੱਲ੍ਹ ਦਾ ਭਵਿੱਖ ਤਾਂ ਤੜਾ-ਤਮੱਣੀਆਂ ਚੁੱਕੀ ਬੇਗਾਨੇ ਮੁਲਕਾਂ ਵਿੱਚ ਵਸਣ ਦੇ ਇਰਾਦੇ ਧਾਰ ਚੁੱਕਿਆ ਹੈ। ਸਾਡਾ ਬਾਗ਼ ਪੰਜਾਬ ਸੁੰਨਾਂ ਹੋ ਰਿਹਾ ਹੈ। ਸਾਡੇ ਕਲਹਿਰੀ ਮੋਰ ਗੱਭਰੂ, ਸਾਡੀਆਂ ਘੁੱਗੀਆਂ-ਚਿੜੀਆਂ ਵਰਗੀਆਂ ਧੀਆਂ ਸੱਤ ਸਮੁੰਦਰੋਂ ਪਾਰ ਉਡਾਰੀ ਮਾਰ ਉੱਥੇ ਹੀ

ਵਸ ਜਾਂਦੀਆਂ ਹਨ। ਆਪਣੇ ਖੁਲ੍ਹੇ-ਡੁਲ੍ਹੇ ਸੋਹਣੇ ਘਰ ਕੇ ਕਿਰਾਏ ਦੇ ਮਕਾਨ ਬੇਸਮੈਂਟ ਲੱਭਦੇ ਫਿਰਦੇ ਹਨ।

ਪੰਜਾਬ ਖ਼ਾਲੀ ਹੋ ਰਿਹਾ ਹੈ, ਮਾਪੇ ਬੇਵੱਸ ਹਨ ਤੇ ਸਰਕਾਰਾਂ ਚੁੱਪ। ਇਹ ਚੁੱਪ ਕਿਸੇ ਡੂੰਘੀ ਸਾਜ਼ਿਸ਼ ਵਰਗੀ ਹੈ। ਸਾਡੇ ਦੇਸ਼ ਦੇ ਹਵਾਈ ਅੱਡੇ, ਬੰਦਰਗਾਹਾਂ, ਵੱਡੇ ਪ੍ਰਾਜੈਕਟ ਤੇ ਪੰਜਾਬ ਦੇ ਹਿੱਤਾਂ ਵਾਲੇ ਕਾਰੋਬਾਰਾਂ 'ਤੇ ਜਰਵਾਲ ਧਿਰ (ਕਾਰਪੋਰੇਟ ਘਰਾਣੇ) ਕਾਬਜ਼ ਹੋ ਰਹੇ ਹਨ। ਕੀ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਦੇ ਲੋਕਾਂ ਦੇ ਖ਼ਾਲੀ ਹੋ ਰਹੇ ਘਰ ਘਾਟ ਵੀ ਇਹ ਲੋਟੂ ਧਿਰ ਸਾਂਭ ਲਵੇ? ਖ਼ਾਲੀ ਘਰਾਂ ਦੀ ਭਾਂ-ਭਾਂ ਦੀ ਅਵਾਜ਼ ਜਾਂ ਮਾਪਿਆਂ ਤੇ ਬਜ਼ੁਰਗਾਂ ਦੇ ਅੰਦਰੋਂ ਉੱਠਦੀ ਵੈਰਾਗ ਭਰੀ ਹੂਕ, ਉਨ੍ਹਾਂ ਦੀ ਵੇਦਨਾ ਦੇ ਦਰਦ ਭਰੇ ਬੋਲ ਸਰਕਾਰ ਦੇ ਕੰਨਾਂ ਵਿੱਚ ਕਿਉਂ ਨਹੀਂ ਪੈਂਦੇ? ਇਸ ਕਲਯੁੱਗ ਵਿੱਚ ਕੌਣ ਤੇ ਕਦੋਂ ਕੋਈ ਅਵਤਾਰ ਆਵੇਗਾ ਜਿਹੜਾ ਉੱਜੜਦੇ ਪੰਜਾਬ ਨੂੰ ਬਚਾਵੇਗਾ? ਅਫ਼ਸੋਸ! ਇਹ ਅਵਤਾਰਾਂ ਦਾ ਨਹੀਂ ਸਰਕਾਰਾਂ ਦਾ ਯੁੱਗ ਹੈ... ਜਾਂ ਫਿਰ 'ਆਪਨ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥' ਵਾਲੀ ਤੁਕ 'ਤੇ ਅਮਲ ਕਰਨ ਵਾਲਾ ਸਮਾਂ ਹੈ।

(ਪੁਸਤਿਕਾ 'ਅਸੀਂ ਕਿਉਂ ਪਰਦੇਸੀ ਹੋਈਏ''ਚੋਂ ਧੰਨਵਾਦ ਸਹਿਤ!)

✻ ✻ ✻ ✻ ✻

## ਵਧਾਈ



ਸਮੂਹ ਸੈਣੀ ਬਰਾਦਰੀ ਲਈ ਮਾਣ ਦੀ ਗੱਲ ਹੈ ਕਿ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ 22 ਨਵੰਬਰ-25 ਨਵੰਬਰ 2025 ਤੱਕ ਆਯੋਜਿਤ ਆਪਣੇ ਚਾਰ ਰੋਜ਼ਾ ਪੁਸਤਕ ਅਤੇ ਸਾਹਿਤ ਉਤਸਵ ਸਮੇਂ ਹਰਿਆਣਾ ਦੀ ਉੱਘੀ ਲੇਖਿਕਾ **ਸ਼੍ਰੀਮਤੀ ਮਨਜੀਤ ਕੌਰ ਅੰਬਾਲਵੀ** ਨੂੰ ਮਾਤਾ ਜਸਵੰਤ ਕੌਰ ਸਰਵੋਤਮ ਮੌਲਿਕ ਬਾਲ ਪੁਰਸਕਾਰ 2024-25 ਨਾਲ ਸਨਮਾਨਿਤ ਕੀਤਾ ਹੈ। ਇਸ ਸਮੇਂ ਪੰਜਾਬੀ ਸਾਹਿਤ ਦੇ ਨਾਮਵਰ ਲਿਖਾਰੀ ਹਾਜ਼ਰ ਸਨ ਜਿਨ੍ਹਾਂ ਨੇ ਪੰਜਾਬੀ ਜ਼ੁਬਾਨ ਦੀ ਬਿਹਤਰੀ ਲਈ ਕੀਤੇ ਜਾਣ ਵਾਲੇ ਉਪਰਾਲਿਆਂ 'ਤੇ ਵਿਚਾਰਵਟਾਂਦਰਾ ਕੀਤਾ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਸ਼੍ਰੀਮਤੀ ਮਨਜੀਤ ਕੌਰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਬਹੁਤ ਬਹੁਤ ਵਧਾਈ ਹੋਵੇ।

✻ ✻ ✻ ✻ ✻

ਕਰਨਾਟਕ ਦੇ ਹੰਪੀ ਕਸਬੇ ਵਿੱਚ ਇੱਕ **ਸੰਗੀਤਕ ਪੱਥਰ** ਹੈ ਜਿਸ 'ਤੇ ਜੇ ਲੱਕੜੀ ਨਾਲ ਹੌਲੀ ਜਿਹੇ ਠੋਕਰ ਮਾਰੀ ਜਾਵੇ ਤਾਂ ਇਸ ਵਿੱਚੋਂ ਘੰਟੀ ਵਰਗੀ ਆਵਾਜ਼ ਨਿਕਲਦੀ ਹੈ। ਇਹ ਆਵਾਜ਼ ਹੈਰਾਨੀ ਕਰਨ ਵਾਲੀ ਹੈ ਕਿਉਂਕਿ ਇਹ ਕਿਸੇ ਆਧੁਨਿਕ ਆਵਾਜ਼ ਵਿਸ਼ਲੇਸ਼ਕ ਯੰਤਰ ਤੋਂ ਪਰਖੀ ਨਹੀਂ ਜਾਂਦੀ। ਯਾਨੀ ਕਿ ਪੱਥਰ ਦੀ ਆਵਾਜ਼ ਵਿੱਚ ਅਜਿਹਾ ਕੁੱਝ ਹੈ ਜੋ ਅੱਜ ਦੀ ਤਕਨੀਕ ਨਾਲ ਸਮਝਿਆ ਨਹੀਂ ਜਾ ਸਕਿਆ।

## ਜਾਂਬਾਜ਼ ਸੈਣੀ ਨੌਜਵਾਨ



ਅਸਟ੍ਰੇਲੀਆ ਦੇ ਵਸਨੀਕ **ਅਮਨਦੀਪ ਸਿੰਘ ਬੋਲ਼ਾ** ਨੇ ਇਕ ਅਜਿਹਾ ਬਹਾਦਰੀ ਵਾਲਾ ਕਰਨਾਮਾ ਕੀਤਾ ਹੈ ਜਿਸ ਨਾਲ ਵਿਸ਼ਵ ਭਰ ਦੀ ਸੈਣੀ ਬਰਾਦਰੀ ਦਾ ਮਾਣ ਨਾਲ ਸਿਰ ਉੱਚਾ ਹੋਇਆ ਹੈ। ਉਸ ਨੇ ਸਿੱਖ ਧਰਮ ਦੇ ਸਰਬਰੱਖਿਅਕ ਤੇ ਮਾਨਵਤਾ ਪੱਖੀ ਅਸੂਲਾਂ ਨੂੰ ਵੀ ਅਮਲੀ ਰੂਪ ਦਿੱਤਾ ਹੈ। 14 ਦਸੰਬਰ, 2025 ਨੂੰ ਜਦੋਂ ਸਿਡਨੀ ਦੀ ਬੌਂਦੀ ਬੀਚ 'ਤੇ ਯਹੂਦੀਆਂ ਦੇ ਸਮਾਗਮ, ਹੱਨੂਕਾ ਸਮੇਂ ਸਾਰੇ ਮੌਜ ਮਸਤੀ ਵਿੱਚ ਝੂਮ ਰਹੇ ਸਨ ਤਾਂ ਇੱਕ ਪਿਓ-ਪੁੱਤ ਜੋੜੇ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ 15 ਵਿਅਕਤੀਆਂ ਦੀ ਜਾਨ ਲੈ ਲਈ ਅਤੇ 20 ਤੋਂ ਵੱਧ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤੇ। ਇਸ ਭਿਆਨਕ ਸਮੇਂ ਸਾਰੇ ਲੋਕ ਆਪਣੀ ਜਾਨ ਬਚਾਉਣ ਲਈ ਭੱਜਣ ਲੱਗੇ ਪਰ ਨਜ਼ਦੀਕ ਹੀ ਕ੍ਰਿਸਮਸ ਪਾਰਟੀ ਮਨਾ ਰਹੇ ਅਮਨਦੀਪ ਸਿੰਘ ਅੰਦਰ ਸਿੱਖੀ ਦੀ ਭਾਵਨਾ ਨੇ ਉਬਾਲ ਖਾਧਾ ਅਤੇ ਉਸ ਨੇ ਆਪਣੀ ਸਰੀਰਕ ਤਾਕਤ ਤੇ ਸੂਝਬੂਝ ਦੀ ਵਰਤੋਂ ਕਰਦਿਆਂ ਦੌੜ ਕੇ ਹਮਲਾਵਰ ਨਵੀਦ ਅਕਰਮ੍ (24 ਸਾਲ) ਨੂੰ ਗਰਦਨ ਤੋਂ ਪਕੜ ਲਿਆ ਅਤੇ ਪੁਲਿਸ ਦੇ ਆਉਣ ਤੱਕ ਉਸ ਨੂੰ ਦਬਾਈ ਰੱਖਿਆ। ਉਹ ਤਾਂ ਸ਼ਾਇਦ ਹਮਲਾਵਰ ਨੂੰ ਮਾਰਨ ਦਾ ਇਰਾਦਾ ਰਖਦਾ ਸੀ ਪਰ ਪੁਲਿਸ ਨੇ ਉਸ ਨੂੰ ਫੜ ਲਿਆ। ਇਸ ਬਹਾਦਰੀ ਭਰੇ ਕਾਰਨਾਮੇ ਕਰ ਕੇ ਪੁਲਿਸ ਨੇ ਮੌਕੇ 'ਤੇ ਹੀ ਉਸ ਨੂੰ "ਵੈਲ ਡੰਨ ਬਡੀ" ਭਾਵ "ਸ਼ਾਬਾਸ਼ ਦੋਸਤ" ਕਿਹਾ।

ਪੰਜਾਬ ਦੇ ਜ਼ਿਲ੍ਹਾ ਐਸ.ਬੀ.ਐਸ.ਨਗਰ ਦੇ ਪਿੰਡ ਨੌਰਾ ਦੇ ਪਿਛੋਕੜ ਵਾਲੇ ਸੈਣੀ ਪਰਿਵਾਰ ਦੇ ਸ. ਮਨਜੀਤ ਸਿੰਘ ਬੋਲ਼ਾ ਦਾ ਪੁੱਤਰ ਇਹ ਨੌਜਵਾਨ ਨਿਊਜ਼ੀਲੈਂਡ ਦਾ ਜੰਮਪਲ ਹੈ। ਨਿਊਜ਼ੀਲੈਂਡ ਵਿੱਚ ਤੀਜੀ ਪੀੜ੍ਹੀ ਦੇ ਸਿੱਖ ਪਰਿਵਾਰ ਨਾਲ ਸਬੰਧਿਤ ਜਿੰਮ ਟਰੇਨਰ ਇਹ ਨੌਜਵਾਨ ਇਸ ਸਮੇਂ ਅਸ੍ਰਟੇਲੀਆਂ ਵਿੱਚ ਰਹਿੰਦਾ ਹੈ। ਨਿਊਜ਼ੀਲੈਂਡ ਸਥਿਤ ਪੰਜਾਬੀ ਭਾਈਚਾਰੇ ਵਲੋਂ ਅਮਨਦੀਪ ਸਿੰਘ ਦੇ ਇਸ ਹਿੰਮਤੀ ਕਾਰਨਾਮੇ ਦੀ ਚਾਰੇ ਪਾਸੇ ਖੂਬ ਸ਼ਲਾਘਾ ਕੀਤੀ ਜਾ ਰਹੀ ਹੈ। ਇਹ ਬਹੁਕੌਮੀ ਭਾਈਚਾਰੇ ਦੀ ਮਿਸਾਲ ਹੈ। ਇਸ ਸਮੇਂ ਹਮਲਾਵਰ ਦੀ ਬੰਦੂਕ ਖੋਹਣ ਵਾਲਾ ਸੀਰੀਆ ਮੂਲ ਦਾ ਅਹਿਮਦ ਅਲ-ਅਹਿਮਦ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਇਨ੍ਹਾਂ ਦੋਵੇਂ ਨਾਇਕਾਂ ਦੀ ਮਦਦ ਲਈ ਉਸ ਦੇਸ਼ ਦੇ ਲੋਕਾਂ ਨੇ 2 ਮਿਲੀਅਨ ਡਾਲਰ ਫੰਡ ਇਕੱਠਾ ਕੀਤਾ ਹੈ। ਸਾਰੇ ਵਿਸ਼ਵ ਵਿੱਚ ਇਨ੍ਹਾਂ ਜਾਂਬਾਜ਼ ਨੌਜਵਾਨਾਂ ਦੇ ਹੌਸਲੇ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ।

✻ ✻ ✻ ✻ ✻

# ਦੇਖਿਆ-ਸੁਣਿਆਂ-ਕਿਵੀ ਦਾ ਦੇਸ਼, ਨਿਊਜ਼ੀਲੈਂਡ

ਡਾ. ਅਜਮੇਰ ਸਿੰਘ



ਧਰਤੀ ਦੇ ਦੱਖਣੀ ਅਰਧਗੋਲੇ ਦੇ ਐਨ ਸਿਰੇ 'ਤੇ ਅਸਟ੍ਰੇਲੀਆ ਦੇ ਦੱਖਣ-ਪੂਰਬ ਵਿੱਚ ਸਥਿਤ ਹੈ ਟਾਪੂਨੁਮਾ ਦੇਸ਼ ਨਿਊਜ਼ੀਲੈਂਡ। ਇਹ 700 ਦੇ ਕਰੀਬ ਛੋਟੇ ਵੱਡੇ ਟਾਪੂਆਂ ਨਾਲ ਬਣਿਆਂ ਆਕਾਰ ਵਿੱਚ ਅਤੇ ਆਬਾਦੀ ਪੱਖੋਂ ਬਹੁਤ ਛੋਟਾ ਦੇਸ਼ ਹੈ ਪਰ ਸੁਹੱਪਣ ਅਤੇ ਅਮੀਰੀ ਵਿੱਚ ਬਹੁਤ ਉਪਰਲੇ ਦਰਜੇ ਦਾ ਹੈ। ਇਸ ਦੇ ਲੋਕਾਂ ਦੇ ਰਹਿਣ-ਸਹਿਣ ਦਾ ਪੱਧਰ ਬਹੁਤ ਉੱਚਾ ਹੈ ਅਤੇ ਇੱਥੇ ਭ੍ਰਿਸ਼ਟਾਚਾਰ ਨਾਮਾਤਰ ਹੀ ਹੈ ਜਿਸ ਕਾਰਨ ਵਸਣ ਅਤੇ ਕੰਮ ਕਰਨ ਲਈ ਬਹੁਤ ਵਧੀਆ ਮੰਨਿਆਂ ਜਾਂਦਾ ਹੈ। ਇਸ ਦੇਸ਼ ਦਾ ਫ਼ਲ, ਕਿਵੀ ਸਾਰੀ ਦੁਨੀਆਂ ਵਿੱਚ ਪ੍ਰਸਿੱਧ ਹੈ। ਉਂਜ ਇੱਥੇ ਦਾ ਰਾਸ਼ਟਰੀ ਪੰਛੀ ਵੀ ਕਿਵੀ ਹੀ ਹੈ ਪਰੰਤੂ ਉਹ ਹੁਣ ਆਮ ਦੇਖਣ ਵਿੱਚ ਨਹੀਂ ਮਿਲਦਾ, ਕੇਵਲ ਚਿੜੀਆ ਘਰਾਂ ਵਿੱਚ ਹੀ ਸੁਰੱਖਿਅਤ ਹੈ।

ਇਸ ਦੇਸ਼ ਨੂੰ ਦੇਖਣ ਦਾ ਮਨ ਕਈ ਦੇਰ ਤੋਂ ਕਰਦਾ ਸੀ, ਪਰ ਸਬੱਬ 2025 ਦੇ ਸਤੰਬਰ ਮਹੀਨੇ ਵਿੱਚ ਆਪਣੀ ਭੈਣ ਦੀ ਦੋਹਤੀ ਦੇ ਵਿਆਹ ਨਾਲ ਹੀ ਬਣਿਆ। ਅਸੀਂ ਮੀਆਂ-ਬੀਵੀ 3 ਸਤੰਬਰ ਨੂੰ ਦਿੱਲੀ ਤੋਂ ਸਿੰਗਾਪੁਰ ਏਅਰਲਾਈਨ ਦਾ ਜਹਾਜ਼ ਲੈ ਕੇ ਸਾਢੇ ਪੰਜ ਘੰਟਿਆਂ ਵਿੱਚ ਸਿੰਗਾਪੁਰ ਹਵਾਈ ਅੱਡੇ ਪਹੁੰਚੇ। ਸਿੰਗਾਪੁਰ ਦੇਸ਼ ਵੀ ਹੈ, ਰਾਜਧਾਨੀ ਵੀ ਅਤੇ ਹਵਾਈ ਅੱਡਾ ਵੀ। ਇਸ ਵਿੱਚ ਹੋਰ ਕੋਈ ਆਬਾਦੀ ਨਹੀਂ। ਇੱਥੇ ਢਾਈ ਘੰਟੇ ਰੁਕ ਕੇ 10 ਕੁ ਘੰਟਿਆਂ ਦੀ ਹਵਾਈ ਉੜਾਨ ਤੋਂ ਬਾਅਦ ਨਿਊਜ਼ੀਲੈਂਡ ਦੇਸ਼ ਦੇ ਉੱਤਰੀ ਕਿਨਾਰੇ 'ਤੇ ਸਥਿਤ ਸ਼ਹਿਰ ਆਕਲੈਂਡ ਜਾ ਉੱਤਰੇ।ਇਹ ਜਹਾਜ਼ ਅਸਟ੍ਰੇਲੀਆਂ ਦੇ ਉੱਤੋਂ ਦੀ ਲੰਘ ਕੇ ਜਾਂਦਾ ਹੈ। ਆਕਲੈਂਡ ਵਿੱਚ ਦੋ ਰਾਤਾਂ ਠਹਿਰ ਕੇ ਅਸੀਂ ਇੱਥੋਂ ਦੋ ਕੁ ਸੌ ਕਿਲੋਮੀਟਰ ਦੱਖਣ ਵੱਲ ਸ਼ਹਿਰ ਟੌਰੰਗਾ ਆਪਣੀ ਭੈਣ ਦੇ ਘਰ ਜਾ ਪਹੁੰਚੇ। ਸੜਕਾਂ ਬਹੁਤ ਚੌੜੀਆਂ ਅਤੇ ਸਾਫ ਸੁਥਰੀਆਂ ਸਨ ਅਤੇ ਕਾਰਾਂ ਦੀ ਬਹੁਤਾਤ ਹੋਣ ਦੇ ਬਾਵਜੂਦ ਕਿਤੇ ਵੀ ਕੋਈ ਘੜਮਸ ਅਤੇ ਭੀੜ-ਭੜੱਕਾ ਨਜ਼ਰ ਨਹੀਂ ਆਇਆ। ਹਵਾ, ਧਰਤੀ ਤੇ ਪਾਣੀ ਸਭ ਸਾਫ-ਸੁਥਰੇ ਸਨ। ਪਹਾੜ ਅਤੇ ਉਨ੍ਹਾਂ 'ਤੇ ਦਰਖਤ ਬਹੁਤੇ ਉੱਚੇ ਨਹੀਂ ਸਨ। ਲੱਕੜੀ ਦੇ ਡੰਡਿਆਂ ਅਤੇ ਤਾਰ ਨਾਲ ਘੇਰੇ ਉੱਚੇ-ਨੀਵੇਂ ਘਾਹ ਦੇ ਮੈਦਾਨਾਂ ਵਿੱਚ ਹਰ ਪਾਸੇ ਗਾਵਾਂ ਚਰਦੀਆਂ ਦਿਸਦੀਆਂ ਸਨ। ਪੰਜਾਬ ਵਰਗੀਆਂ ਫਸਲਾਂ ਵਾਲੇ ਖੇਤ ਅਤੇ ਟਿਊਬਵੈਲ ਆਦਿ ਕਿੱਧਰੇ ਦਿਖਾਈ ਨਹੀ ਦਿੱਤੇ।

ਹਫਤਾ ਕੁ ਤਾਂ ਅਸੀਂ ਵਿਆਹ ਦੇ ਸ਼ਗਨਾਂ ਵਿੱਚ ਰੁੱਝੇ ਰਹੇ। ਵਿਆਹ ਪੂਰਾ ਪੰਜਾਬੀ ਰੰਗਤ ਵਿੱਚ ਰੰਗਿਆ ਹੋਇਆ ਸੀ। ਇਸ ਵਿੱਚ ਸਿੱਠਣੀਆਂ, ਸੁਹਾਗ, ਮਾਈਆਂ, ਚੂੜਾ ਚੜ੍ਹਾਈ, ਜਾਗੋ ਅਤੇ ਅਨੰਦਕਾਰਜ ਆਦਿ ਸਭ ਕੁੱਝ ਸਭ ਕੁੱਝ ਪੰਜਾਬੀ ਰਿਵਾਜਾਂ ਵਾਲਾ ਸੀ। ਵਿਆਹ ਦਾ ਬਹੁਤ ਅਨੰਦ ਆਇਆ। ਇਨ੍ਹਾਂ ਲੋਕਾਂ ਨੇ ਆਪਣੇ ਪੰਜਾਬੀ ਸੱਭਿਆਚਾਰ, ਵਿਸ਼ੇਸ਼ ਕਰ ਕੇ ਸਿੱਖੀ ਦੀ ਮਰਯਾਦਾ ਨੂੰ ਸਾਂਭਿਆ ਹੋਇਆ ਹੈ। ਕਈ ਹੋਰ ਦੇਸ਼ਾਂ ਤੋਂ ਰਿਸ਼ਤੇਦਾਰ ਵੀ ਵਿਆਹ ਵਿੱਚ ਸ਼ਾਮਿਲ ਸਨ। ਇਸ ਉਪਰੰਤ ਅਸੀਂ ਹੋਰ ਰਿਸ਼ਤੇਦਾਰਾਂ ਦੇ ਘਰਾਂ ਵਿੱਚ ਵੀ ਗਏ। ਸਾਰਿਆਂ ਦੇ ਕਾਰੋਬਾਰ ਵਧੀਆ ਅਤੇ ਮਕਾਨ ਆਲੀਸ਼ਾਨ ਤੇ ਸਾਫ-ਸੁਥਰੇ ਸਨ। ਇਸ ਦੇ ਨਾਲ ਹੀ ਸ਼ਹਿਰ ਟਰੰਗਾ ਦੀਆਂ ਵਿਸ਼ੇਸ਼ ਥਾਵਾਂ ਜਿਵੇਂ ਸਮੁੰਦਰੀ ਬੀਚ, ਜਵਾਲਾਮੁਖੀ ਪਹਾੜੀ ਮੌਨਗਨੀ ਅਤੇ ਬੰਦਰਗਾਹ ਆਦਿ ਦੇਖੀਆਂ। ਟਰੰਗਾ ਸ਼ਹਿਰ ਬਿਲਕੁਲ ਸਮੁੰਦਰ ਦੇ ਕਿਨਾਰੇ 'ਤੇ ਹੈ। ਟਰੰਗਾ, ਆਕਲੈਂਡ ਅਤੇ ਰਾਜਧਾਨੀ ਵਲਿੰਗਟਨ ਸ਼ਹਿਰ ਉੱਤਰੀ ਨਿਊਜ਼ੀਲੈਂਡ ਵਿੱਚ ਪੈਂਦੇ ਹਨ ਜਦੋਂ ਕਿ ਦੱਖਣੀ ਨਿਊਜ਼ੀਲੈਂਡ ਪਹਾੜੀ ਇਲਾਕਾ ਹੈ ਜਿਸ 'ਤੇ ਬਰਫ ਪਈ ਰਹਿੰਦੀ ਹੈ ਜਿਸ ਕਾਰਨ ਆਬਾਦੀ ਨਾਮਾਤਰ ਹੀ ਹੈ।

6 ਸਤੰਬਰ ਨੂੰ ਅਸੀਂ ਔਕਲੈਂਡ ਸ਼ਹਿਰ ਵਿੱਚ ਸਥਿਤ ਸਕਾਈ ਟਾਵਰ ਦੇਖਿਆ। ਇਹ 1994 ਵਿੱਚ ਬਣਨਾ ਸ਼ੁਰੂ ਹੋਇਆ ਸੀ ਅਤੇ 2 ਸਾਲ ਤੇ 9 ਮਹੀਨਿਆਂ ਵਿੱਚ ਸੈਲਾਨੀਆਂ ਲਈ ਖੋਲ੍ਹਿਆ ਗਿਆ ਸੀ। 328 ਮੀਟਰ ਉੱਚੇ ਇਸ ਟਾਵਰ ਨੂੰ 2000 ਟੰਨ ਲੋਹੇ ਅਤੇ 15000 ਘਣਮੀਟਰ ਬਜਰੀ ਨਾਲ 1000 ਕਾਮਿਆਂ ਨੇ 85 ਮਿਲੀਅਨ ਨਿਊਜ਼ੀਲੈਂਡ ਡਾਲਰ ਲਾਗਤ ਨਾਲ ਤਿਆਰ ਕੀਤਾ। ਇਸ ਦੀਆਂ 51 ਮੰਜ਼ਿਲਾਂ ਹਨ ਜਿੱਥੇ ਲਿਫਟ ਰਾਹੀਂ ਚੜ੍ਹਿਆ ਜਾਂਦਾ ਹੈ। ਇਹ ਦੱਖਣੀ ਅਰਧਗੋਲੇ ਵਿੱਚ ਸਭ ਤੋਂ ਉੱਚਾ ਮੀਨਾਰ ਹੈ। ਇੱਥੋਂ ਸਾਰਾ ਆਕਲੈਂਡ ਸ਼ਹਿਰ ਦਿਖਾਈ ਦਿੰਦਾ ਹੈ। ਇੱਥੇ ਸਕਾਈ ਜੰਪ, ਸਕਾਈ ਵਾਕ ਅਤੇ ਸਕਾਈਸਲਾਈਡ ਆਦਿ ਖੇਡ ਕਿਰਿਆਵਾਂ ਆਯੋਜਿਤ ਕੀਤੀਆਂ ਜਾਂਦੀਆਂ ਹਨ। ਆਕਲੈਂਡ ਸ਼ਹਿਰ ਨਿਊਜ਼ੀਲੈਂਡ ਦਾ ਸਭ ਤੋਂ ਵੱਡਾ ਸ਼ਹਿਰ ਹੈ ਜਿਸ ਵਿੱਚ ਦੇਸ਼ ਦੀ ਤੀਜਾ ਹਿੱਸਾ ਅਬਾਦੀ ਰਹਿੰਦੀ ਹੈ। ਇਸ ਨੂੰ ਸਿਟੀ ਆਫ ਸੇਲਜ਼ ਵੀ ਕਿਹਾ ਜਾਂਦਾ ਹੈ ਜਿੱਥੇ ਤੀਜਾ ਹਿੱਸਾ ਲੋਕਾਂ ਕੋਲ ਸੈਰ ਅਤੇ ਹੋਰ ਕੰਮਾਂ ਲਈ ਕਿਸ਼ਤੀਆਂ ਹਨ। ਆਕਲੈਂਡ ਦੀ ਬਹੁਤ ਵੱਡੀ ਬੰਦਰਗਾਹ ਹੈ ਜਿੱਥੋਂ ਸਾਰੇ ਦੇਸ਼ਾਂ ਨੂੰ ਵਪਾਰ ਹੁੰਦਾ ਹੈ।

ਨਿਊਜ਼ੀਲੈਂਡ ਦੀ ਧਰਤੀ ਜਵਾਲਾਮੁਖੀ ਕਿਰਿਆਵਾਂ ਨਾਲ ਹੀ ਬਣੀ ਹੋਈ ਹੈ। ਅਸੀਂ ਉੱਤਰੀ ਨਿਊਜ਼ੀਲੈਂਡ ਦੀ ਬੇਅ ਆਫ ਪਲੈਂਟੀ ਵਿੱਚ ਬਹੁਤ ਵਿਸ਼ਾਲ ਸਮੁੰਦਰੀ ਝੀਲ ਰੋਟੋਰੂਆ ਦੇਖੀ ਜਿਸ ਦੇ ਆਸ ਪਾਸ ਦੇ ਪਹਾੜੀ ਇਲਾਕੇ ਵਿੱਚ ਜਵਾਲਾਮੁਖੀ ਕਿਰਿਆਸ਼ੀਲ ਹੈ। ਇੱਥੇ ਸਾਰੇ ਆਲਾਦੁਆਲੇ ਗਰਮ ਲਾਵੇ ਦੀਆਂ ਭੱਠੀਆਂ ਚੱਲ ਰਹੀਆਂ ਹਨ ਅਤੇ ਕਈ ਥਾਵਾਂ 'ਤੇ ਲਾਵਾ ਫੁਹਾਰੇ ਦੇ ਰੂਪ ਵਿੱਚ ਬਹੁਤ ਉੱਚਾ ਉੱਠਦਾ ਹੈ। ਇੱਥੇ ਦੇਸ਼ ਦੇ ਮੋਢੀ ਵਸਨੀਕ ਮੌਰੀਆਂ ਦੀ ਆਬਾਦੀ ਹੈ

ਜਿੱਥੇ ਉਨ੍ਹਾਂ ਦੇ ਰਹਿਣ-ਸਹਿਣ ਅਤੇ ਰਸਮੋ-ਰਿਵਾਜਾਂ ਨੂੰ ਦੇਖਿਆ ਅਤੇ ਮਾਣਿਆਂ ਜਾ ਸਕਦਾ ਹੈ। ਇਥੇ ਸਾਰੇ ਵਾਤਾਵਰਨ ਵਿੱਚ ਗੰਧਕ ਦੀ ਦੁਰਗੰਧ ਫੈਲੀ ਹੋਈ ਹੈ। ਜਵਾਲਾਮੁਖੀ ਕਿਰਿਆਵਾਂ ਨਾਲ 100 ਡਿਗਰੀ ਤਾਪਮਾਨ 'ਤੇ ਉਬਲਦੇ ਹੋਏ ਖਣਿਜੀ ਚਿੱਕੜ ਦੇ ਗੀਜ਼ਰ ਹਨ ਜਿਨ੍ਹਾਂ ਨਾਲ ਤਾਲਾਬ ਬਣੇ ਹੋਏ ਹਨ। ਕੁੱਝ ਤਲਾਬਾਂ ਵਿੱਚ ਇਸ਼ਨਾਨ ਕਰਨ ਨਾਲ ਚਮੜੀ ਦੇ ਰੋਗ ਦੂਰ ਹੁੰਦੇ ਹਨ। ਇਸ ਖੇਤਰ ਵਿੱਚ ਸੰਸਾਰ ਦਾ ਸਭ ਤੋਂ ਵੱਡਾ ਹੈਲਜ਼ ਗੇਟ ਚਸ਼ਮਾ ਅਤੇ ਲੇਡੀ ਨੌਕਸ ਗੀਜ਼ਰ ਹੈ। ਨਜ਼ਦੀਕ ਹੀ ਪੋਹੂਟੂ ਗੀਜ਼ਰ ਹੈ ਜੋ ਦਿਨ ਵਿੱਚ 20 ਵਾਰ ਫਟਦਾ ਹੈ ਜਿਸ ਨਾਲ ਪਾਣੀ 30 ਮੀਟਰ ਦੀ ਉਚਾਈ ਤੱਕ ਉੱਚਾ ਜਾਂਦਾ ਹੈ। ਇਸ ਤੋਂ ਇਲਾਵਾ ਇੱਥੇ ਦੁਨੀਆਂ ਦੀ ਨਵੀਨਤਮ ਵਾਇਮਾਂਗੂ ਜਵਾਲਾਮੁਖੀ ਵੈਲੀ ਹੈ। ਇਹ ਸਾਰਾ ਇਲਾਕਾ ਹੀ ਜਵਾਲਾਮੁਖੀ ਕਿਰਿਆਸ਼ੀਲ ਹੈ। ਦਰਅਸਲ ਸਾਰਾ ਨਿਊਜ਼ੀਲੈਂਡ ਹੀ ਜਵਾਲਾਮੁਖੀਆਂ ਦੇ ਫਟਣ ਨਾਲ ਬਣੀ ਧਰਤੀ ਦਾ ਬਣਿਆਂ ਹੋਇਆ ਹੈ। ਇੱਥੇ ਸੈਲਾਨੀ ਕਈ ਕਈ ਦਿਨ ਤੱਕ ਕੁਦਰਤ ਦਾ ਆਨੰਦ ਮਾਣਦੇ ਹਨ। ਪਹਾੜ ਦੀਆਂ ਚੋਟੀਆਂ ਦੇ ਵਿਚਕਾਰ ਬਣੇ ਸਸਪੈਂਸ਼ਨ ਪੁਲਾਂ 'ਤੇ ਟਹਿਲਣ ਲਈ ਰੈੱਡਵੁੱਡ ਟ੍ਰੀਵਾਕ ਵਿਸ਼ੇਸ਼ ਤੌਰ 'ਤੇ ਮਾਨਣਯੋਗ ਹੈ।

ਆਕਲੈਂਡ ਦੇ ਦੱਖਣ ਵੱਲ 188 ਕਿਲੋਮੀਟਰ ਅਤੇ ਹਮਿਲਟਨ ਸ਼ਹਿਰ ਤੋਂ ਦੱਖਣ ਵੱਲ 68 ਕਿਲੋਮੀਟਰ ਦੂਰੀ 'ਤੇ ਵਾਇਟੋਮੋ ਦੇ ਸਥਾਨ 'ਤੇ ਪਹਾੜ ਵਿੱਚ ਗਲੋਅਵੌਰਮ ਕੇਵਜ਼ (ਜੁਗਨੂ ਗੁਫਾਵਾਂ) ਹਨ। ਇਨ੍ਹਾਂ ਦਾ ਪਤਾ 1887 ਵਿੱਚ ਦੋ ਖੋਜੀ ਵਿਗਿਆਨੀਆਂ ਨੇ ਲਗਾਇਆ ਸੀ ਅਤੇ 1889 ਵਿੱਚ ਇਨ੍ਹਾਂ ਨੂੰ ਸੈਲਾਨੀਆਂ ਲਈ ਖੋਲ੍ਹ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਇੱਥੇ 30 ਮਿਲੀਅਨ ਸਾਲ ਪਹਿਲਾਂ 300 ਦੇ ਕਰੀਬ ਚੂਨੇ ਦੀਆਂ ਗੁਫਾਵਾਂ ਹੋਂਦ ਵਿੱਚ ਆਈਆਂ ਸਨ ਜਦੋਂ ਇਹ ਇਲਾਕਾ ਅਜੇ ਸਮੁੰਦਰ ਵਿੱਚ ਡੁੱਬਿਆ ਹੋਇਆ ਸੀ। ਇਹ ਚੂਨਾ ਕੋਰਲ, ਸਿੱਪੀਆਂ, ਘੋਗਿਆਂ, ਮੱਛੀਆਂ ਦੇ ਪਿੰਜਰਾਂ ਅਤੇ ਸਮੁੰਦਰ ਵਿੱਚ ਮੌਜੂਦ ਹੋਰ ਕਈ ਪ੍ਰਕਾਰ ਦੇ ਜੀਵਾਂ ਦੇ ਸਰੀਰਾਂ ਦੇ ਤਹਿਆਂ ਵਿੱਚ ਦੱਬ ਜਾਣ ਕਾਰਨ ਬਣਿਆਂ ਹੈ। ਇਨ੍ਹਾਂ ਗੁਫਾਵਾਂ ਵਿੱਚ ਚੂਨੇ ਦੇ ਬਣੇ ਹੋਏ ਥੰਮ ਛੱਤ ਤੋਂ ਲਟਕਦੇ ਅਤੇ ਫਰਸ਼ 'ਤੇ ਖੜ੍ਹੇ ਹਨ ਜੋ ਬਹੁਤ ਸੁੰਦਰ ਨਜ਼ਾਰਾ ਪੇਸ਼ ਕਰਦੇ ਹਨ। ਇਨ੍ਹਾਂ ਗੁਫਾਵਾਂ ਅੰਦਰ ਘੁੱਪ ਹਨੇਰਾ ਹੈ ਪਰ ਪ੍ਰਬੰਧਕਾਂ ਨੇ ਲੋੜ ਅਨੁਸਾਰ ਬਿਜਲੀ ਦੀ ਰੌਸ਼ਨੀ ਦਾ ਇੰਤਜ਼ਾਮ ਕੀਤਾ ਹੋਇਆ ਹੈ। ਇਕ ਗਾਈਡ ਗੁਫਾਵਾਂ ਦਾ ਸਾਰਾ ਇਤਿਹਾਸ ਵਰਣਨ ਕਰਦਾ ਹੈ। ਨੀਵੀਆਂ ਗੁਫਾਵਾਂ ਵਿੱਚ ਪਾਣੀ ਵਗਦਾ ਹੈ। ਇੱਥੋਂ ਬਾਹਰ ਆਉਣ ਲਈ ਪਾਣੀ ਵਿੱਚ ਇੱਕ ਬਹੁਤ ਹੌਲੀ ਹੌਲੀ ਕਿਸ਼ਤੀ ਚੱਲਦੀ ਹੈ ਜਿਸ ਵਿੱਚ ਬੈਠ ਕੇ ਉੱਪਰ ਵੱਲ ਦੇਖਦਿਆਂ ਲੱਖਾਂ ਦੀ ਗਿਣਤੀ ਵਿੱਚ ਚਮਕਦੇ ਜੁਗਨੂੰ ਨਜ਼ਰ ਆਉਂਦੇ ਹਨ ਜਿਵੇਂ ਕਿਸੇ ਚਾਦਰ 'ਤੇ ਹੀਰੇ ਜੜੇ ਹੋਣ। ਇਹ ਨਜ਼ਾਰਾ ਬਹੁਤ ਸੁੰਦਰ ਹੈ। ਇਸ ਕਾਰਨ ਇਨ੍ਹਾਂ ਗੁਫਾਵਾਂ ਨੂੰ ਆਮ ਬੋਲੀ ਵਿੱਚ 'ਦਿਨ ਵੇਲੇ ਤਾਰੇ' ਕਿਹਾ ਜਾਂਦਾ ਹੈ।



ਇੱਥੇ ਹਰ ਸਮੇਂ ਸੈਲਾਨੀਆਂ

ਨਿਊਜ਼ੀਲੈਂਡ ਵਿੱਚ ਸੰਨ 1280 ਅਤੇ 1350 ਦੇ ਦਰਮਿਆਨ ਪੌਲੀਨੇਸ਼ੀਅਨਜ਼ ਲੋਕ ਆ ਕੇ ਵਸੇ ਜਿਨ੍ਹਾਂ ਨੇ ਇੱਥੇ ਮੌਰੀ ਸੱਭਿਆਚਾਰ ਕਾਇਮ ਕੀਤਾ। ਸੰਨ 1642 ਵਿੱਚ ਡੱਚ ਖੋਜੀ ਅਬਲ ਤਸਮਾਨ ਨੇ ਇਸ ਦੇਸ਼ ਨੂੰ ਦੇਖਿਆ ਅਤੇ ਦੁਨੀਆਂ ਵਿੱਚ ਉਜਾਗਰ ਕੀਤਾ। ਬ੍ਰਿਟਿਸ਼ ਖੋਜੀ ਕੈਪਟਨ ਜੇਮਜ਼ ਕੁੱਕ ਨੇ 1769 ਵਿੱਚ ਇਸ ਧਰਤੀ 'ਤੇ ਪੈਰ ਧਰਿਆ ਅਤੇ ਦੁਨੀਆ ਦੇ ਨਕਸ਼ੇ 'ਤੇ ਲਿਆਂਦਾ। ਸੰਨ 1840 ਵਿੱਚ ਬ੍ਰਿਟਿਸ਼ ਅਤੇ ਮੌਰੀ ਨੇਤਾਵਾਂ ਵਿਚਕਾਰ 'ਵਾਇਟਾਂਗੀ ਸੰਧੀ' ਹੋਈ ਜਿਸ ਨਾਲ ਇਹ ਨਿਊਜ਼ੀਲੈਂਡ ਦੇ ਨਾਮ ਨਾਲ ਇੱਕ ਦੇਸ਼ ਵਜੋਂ ਸਥਾਪਿਤ ਹੋ ਗਿਆ। ਇਹ 1907 ਵਿੱਚ ਡੋਮੀਨੀਅਨ ਬਣਿਆਂ ਅਤੇ 1947 ਵੱਚ ਆਜ਼ਾਦ ਹੋ ਗਿਆ। ਹੁਣ ਇਹ ਇੱਕ ਉੱਨਤ ਦੇਸ਼ ਹੈ ਜਿਸ ਦਾ ਲੋਕਾਂ ਦੇ ਜੀਵਨ ਦੀ ਗੁਣਵੱਤਾ ਅਤੇ ਮਨੁੱਖੀ ਅਧਿਕਾਰਾਂ ਪੱਖੋਂ ਸਥਾਨ ਬਹੁਤ ਉੱਪਰ ਪਰ ਕੁਰੱਪਸ਼ਨ ਵਿਚ ਬਹੁਤ ਨੀਚੇ ਹੈ। ਇਸ ਦੇਸ਼ ਦੀ ਆਰਥਿਕਤਾ ਸੇਵਾ ਸੈਕਟਰ, ਦੁੱਧ ਉਤਪਾਦਨ, ਮੀਟ ਨਿਰਯਾਤ, ਕਿਵੀ ਫਲ ਦੇ ਉਤਪਾਦਨ ਅਤੇ ਸੈਰ-ਸਪਾਟਾ 'ਤੇ ਨਿਰਭਰ ਹੈ। ਇਸ ਦੇ ਸਾਰੇ ਪਾਸੇ 15000 ਕਿਲੋਮੀਟਰ ਲੰਮਾ ਸਮੁੰਦਰੀ ਕਿਨਾਰਾ ਹੈ। ਇਹ ਉੱਤਰ-ਪੂਰਬ ਵੱਲ 1600 ਕਿਲੋਮੀਟਰ ਲੰਮਾ ਪਰ ਚੌੜਾਈ ਵਿੱਚ ਕੇਵਲ 400 ਕਿਲੋਮੀਟਰ ਹੈ। ਇਥੇ ਦੀ ਟਾਪੋ ਜਵਾਲਾਮੁਖੀ ਸਭ ਤੋਂ ਵੱਧ ਕਿਰਿਆਸ਼ੀਲ ਹੈ ਜਿਸ ਨੇ ਸਭ ਤੋਂ ਉੱਚਾ ਪਹਾੜ ਬਣਇਆ ਹੈ। ਸਾਰਾ ਨਿਊਜ਼ੀਲੈਂਡ ਭੂਚਾਲ ਦੇ ਖਤਰੇ ਅਧੀਨ ਹੈ। ਸੜਕਾਂ 'ਤੇ ਕਿਤੇ ਵੀ ਆਲੇਦੁਆਲੇ ਕੂੜਾ ਕਰਕਟ ਦੇਖਣ ਨੂੰ ਨਹੀਂ ਮਿਲਦਾ। ਸੜਕਾਂ 'ਤੇ ਵਾਹਨ ਤਾਂ ਬਥੇਰੇ ਹਨ ਪਰ ਕਿਤੇ ਵੀ ਘੜਮੱਸ ਅਤੇ ਹਾਰਨ ਵੱਜਣ ਦੀ ਆਵਾਜ਼ ਨਹੀਂ ਆਉਂਦੀ। ਨਿਊਜ਼ੀਲੈਂਡ ਦੇ ਕੁੱਝ ਇਲਾਕਿਆਂ ਵਿੱਚ ਕਿਵੀ ਦੇ ਬਹੁਤ ਵਿਸ਼ਾਲ ਬਾਗ ਹਨ ਕਈਆਂ ਵਿੱਚ ਭੇਡਾਂ ਅਤੇ ਗਾਵਾਂ ਹੀ ਚਰਦੀਆਂ ਦਿਖਾਈ ਦਿੰਦੀਆਂ ਹਨ। ਪੰਜਾਬੀ ਲੋਕਾਂ ਅਤੇ ਖਾਸ ਕਰ ਕੇ ਸਿੱਖਾਂ ਨੇ ਬਹੁਤ ਆਲੀਸ਼ਾਨ ਘਰ ਬਣਾਏ ਹੋਏ ਹਨ ਅਤੇ ਉਨ੍ਹਾਂ ਦਾ ਬਹੁਤ ਵਧੀਆ ਕਾਰੋਬਾਰ ਹੈ। ਉਨ੍ਹਾਂ ਦਾ ਸਥਾਨਿਕ ਰਾਜਨੀਤੀ ਅਤੇ ਪ੍ਰਬੰਧ ਵਿੱਚ ਪੂਰਾ ਦਬਦਬਾ ਹੈ। ਉਹ ਪੂਰੀ ਆਜ਼ਾਦੀ ਨਾਲ ਆਪਣੇ ਧਾਰਮਿਕ ਅਤੇ ਸਮਾਜਿਕ ਕਾਰਜ ਕਰਦੇ ਹਨ। ਸਾਰੇ ਲੋਕ ਆਪੋ ਵਿੱਚ ਅਤੇ ਘਰਾਂ ਵਿੱਚ ਪੰਜਾਬੀ ਬੋਲਦੇ ਹਨ ਹਾਲਾਂਕਿ ਸਕੂਲਾਂ ਵਿੱਚ ਪੜ੍ਹਾਈ ਅੰਗਰੇਜ਼ੀ ਵਿੱਚ ਹੈ ਅਤੇ ਉੱਥੋਂ ਦੀ ਸਥਾਨਿਕ ਬੋਲੀ ਮੌਰੀ ਵੀ ਲਾਜ਼ਮੀ ਤੌਰ 'ਤੇ ਪੜ੍ਹਾਈ ਜਾਂਦੀ ਹੈ।



## List of Donors of Scholarships

**Amarjit Singh**
Saini Bhawan, Rupnagar

**A. Regular Scholarships-**

1. S. Baldev Singh Mundra, Mumbai- Rs.47,00000/
2. Lt. Col. G.R.Saini, Hoshiarpur- 20,00000/
3. S. Hardev Singh, Nuhon (USA)- 11,00000/
4. S. Gurmukh Singh Saini, X-MC, Rupnagar- 6,02000/
5. S.Sowaran Singh, Ludhiana- 4, 51000/
6. Dr. Rajwant Singh, Mohali- 4,00000/
7. S.Tekpal Singh, Faridabad- 3,32000/
8. Dr. Bhag Singh Bola, Rupnagar- 2,50000/
9. Mrs. Maninder Kaur, Rupnagar- 2,50000/
10. Sh. L.R. Mundra, Rupnagar- 2,40000/
11. Mrs.Baldev Chaudhary, Rupnagar- 2,10000/
12. Late Mrs. Rajinder Kaur, Mohali- 2,00000/
13. S. Gurinder Singh Rana, Mohali- 2,00000/
14. S. Balbir Singh Gen.Sec.Saini Bhawan- 2,00000/
15. S. Charanjit Singh Tamber, Rupnagar- 2,00000/
16. S. Gurinder Singh Toni, Guru Nanak Tent House, Rupnagar-1,80000/
17. Mrs. Gurjinder Kaur, Hoshiarpur- 1,75000/
18. S. Ujjal Singh Dosanjh, Canada- 1,50000/
19. Flt.Lt. Tarlochan Singh, Mohali- 1,26000/
20. Late B.R. Tamber, New Delhi- 1,20000/
21. Mrs. Ranjit Kaur d/o Mohinder Singh Girn, USA-1,17000/
22. Thekedar Charan Singh, Mohali- 1,03000/
23. Dr. Jaswant Kaur, Trustee Saini Bhawan- 1,00000/
24. Thekedar Gurmeet Singh, Chandigarh- 1,00000/
25. Mrs. Harbans Kaur, Bhopal- 93500/

**B) Casual Schorships for the year-**

1. Mrs. Maxim Kaloti, Hoshiarpur-50000/
2. S. Tekpal Singh, Faridabad- 30000/
3. Sh. Tajindermeet Singh, Pune-25000/
4. Dr. Harcharan Dass, Trustee Saini Bhawan-21000/
5. S, Navtej Singh S/O S. Balbir Singh Saini- 20000/
6. Innerwheel Club, Rupnagar-15000/
7. Late Baldev Singh Chamak, Mundi Kharar- 12000/
8. S.Gursharan Singh, Gobind Valley, Rupnagar-12000/
9. S. Harnek Singh, Kotla Nihang- 11000/
10. S.Rajinder Singh Nanuan, Trustee Saini Bawan-10000/
11. Mrs. Chander Kanta, Rtd. Principal,Rupnagar-10000/
12. S. Jatinder Singh, Skyline Traders, Rupnagar-10000/
13. S. Avtar Singh Longia, Rupnagar- 7500/
14. Mrs. Kuldip Kaur, Rupnagar- 6000/
15. Mrs. Harinder Kaur w/o Late Amrik Singh Rupnagar-6000/
16. Sh. Amit Saini, G.Z. Singh Nagar, Rupnagar- 6000/
17. Mrs. Kirpal Kaur, Sun City Rupnagar- 6000/
18. S. Sukhjinder Singh, SASA Rupnagar- 5100/



ਕਵਿਤਾ

## ਸੜਕਾਂ ਦੀ ਬੁੱਢੀ ਮਾਈ

(ਅੰਗਰੇਜ਼ੀ ਅਨੁਵਾਦ)

ਪ੍ਰਿਤਪਾਲ ਸਿੰਘ ਜਟਾਣਾ,
ਚੰਡੀਗੜ੍ਹ

ਕਾਸ਼ ! ਮੈਂ ਵੀ ਇੱਕ ਛੋਟੇ ਜਿਹੇ ਘਰ ਵਾਲੀ ਹੁੰਦੀ।
ਮੇਰਾ ਵੀ ਇੱਕ ਚੁਲ੍ਹਾ, ਸਟੂਲ ਅਤੇ ਸਭ ਕੁੱਝ ਹੁੰਦਾ।
ਚੁਲ੍ਹੇ ਉੱਤੇ ਬਾਲਣ ਦਾ ਇੱਕ ਢੇਰ ਪਿਆ ਹੁੰਦਾ।
ਇੱਕ ਢੇਰ ਘਾਹ ਦਾ, ਦੀਵਾਰ ਨਾਲ ਲੱਗਾ ਹੁੰਦਾ।
ਚੈਨਾਂ ਤੇ ਸਿਲਵਟਾਂ ਵਾਲਾ ਮੇਰਾ ਚੋਲ਼ਾ ਹੁੰਦਾ।
ਤੇ ਇੱਕ ਘੜਿਆਲ ਹੁੰਦਾ, ਜੋ ਉੱਪਰ ਨੀਚੇ ਝੂਲਦਾ ਹੁੰਦਾ।
ਚਮਕਾਂ ਮਾਰਦੀ ਇੱਕ ਅਲਮਾਰੀ ਹੁੰਦੀ,
ਜੋ ਬਰਤਨਾਂ ਨਾਲ ਭਰੀ ਹੁੰਦੀ।
ਤੇ ਉਹ ਸਫੈਦ, ਨੀਲੇ ਤੇ ਖਾਕੀ ਰੋਗਨ ਨਾਲ ਰੰਗੀ ਹੁੰਦੀ।
ਮੈਂ ਚੁਲ੍ਹੇ 'ਤੇ ਫਰਸ਼ ਦੀ ਸਾਫ਼ ਸਫ਼ਾਈ ਦੇ ਕੰਮ ਵਿੱਚ,
ਤੇ ਝਾੜੂ ਮਾਰਨ ਦੇ ਕੰਮ 'ਚ ਰੁੱਝੀ ਹੁੰਦੀ।
ਅਤੇ ਸਟੋਰ ਕਮਰਾ ਸਫ਼ੈਦ ਨੀਲੇ ਰੰਗਾਂ ਵਾਲਾ ਉਸਨੂੰ,
ਅਤੇ ਉਸ ਦੀ ਸੈਲਫ਼ ਨੂੰ ਵਾਰ-ਵਾਰ
ਟਿਕ-ਟਿਕੀ ਲਗਾ ਕੇ ਵੇਖਦੀ ਰਹਿੰਦੀ।
ਮੈਂ ਚੁਲ੍ਹੇ 'ਤੇ ਇਸ ਸਭ ਕੁੱਝ ਤੋਂ ਇੱਕ ਪਾਸੇ ਹੋ ਕੇ,
ਰਾਤਾਂ ਨੂੰ ਸ਼ਾਂਤੀ ਨਾਲ ਰਹਿ ਸਕਦੀ ਹੁੰਦੀ।
ਆਹ, ਜੋ ਧੁੰਦ ਤੇ ਹਨੇਰਾ ਪਸਰਿਆ ਹੋਇਆ ਹੈ,
ਤੇ ਸੜਕਾਂ ਜਿੱਥੇ ਕਿਤੇ ਨਾ ਘਰ ਨਾ ਝਾੜੀਆਂ,
ਤੇ ਮੈਂ ਉਸ ਸੜਕ 'ਤੇ ਦਲਦਲ ਤੋਂ ਅੱਕ ਗਈ ਹਾਂ।
ਮੈਂ ਤੇਜ਼ ਹਵਾਵਾਂ ਤੇ ਸਨਾਟੇ ਤੋਂ ਵੀ ਅੱਕ ਗਈ ਹਾਂ।
ਤੇ ਮੈਂ ਸਵਰਗ ਦੇ ਮਾਲਕ ਰੱਬ ਨੂੰ ਅਰਦਾਸ ਕਰਦੀ ਹਾਂ,
ਮੈਂ ਰਾਤ ਦਿਨ ਉਸ ਨੂੰ ਪ੍ਰਾਰਥਨਾ ਕਰਦੀ ਹਾਂ-
ਇੱਕ ਛੋਟੇ ਜੇਹੇ ਘਰ ਲਈ, ਘਰ ਜੋ ਮੇਰਾ ਆਪਣਾ ਹੋਵੇ-
ਜਿਸ ਘਰ 'ਚ ਮੀਂਹ ਨਾ ਲੱਗੇ,
ਤੇ ਝੱਖੜਾਂ ਤੂਫ਼ਾਨਾਂ ਦਾ ਕੋਈ ਅਸਰ ਨਾ ਹੋਵੇ।

❊ ❊ ❊ ❊ ❊

ਚਾਨਣ ਜਦੋਂ ਕਰੀਦਾ, ਤਾਂ ਸੇਕ ਵੀ ਜਰੀਦਾ
ਏਦਾਂ ਨਹੀਂ ਕਹੀਦਾ, ਹਾਇ ਮੈਂ ਬਲ ਨਾ ਜਾਵਾਂ
- ਸੁਰਜੀਤ ਪਾਤਰ



## Abraham Lincon's Letter to his Son's Teacher

**Dr. Manvpreet Kaur**
Dallas (USA)

Teach him that for every enemy, there is a friend.
It will take time, I know,
but teach him , if you can,
that a dollar earned is of far more value than five found.

Teach him, if you can,
the wonder of books…
But also give him quiet time
to ponder the eternal mystery of birds in the sky.
bees in the sun,
and flowers on a green hillside.

Teach him to be gentle with gentle people,
and tough with the tough.
Try to give my son
the strength not to follow the crowd.

Teach him, if you can,
how to laugh when he is sad…

Teach him to sell his brawn,
and brain to the highest bidders,
But never to put a price tag
on his heart and soul.

Teach  him always,
to have sublime faith in himself,
because then he will always have
sublime faith in mankind.

❊ ❊ ❊ ❊ ❊

*He, who never errors is God,*
*merciful and ommipleseant*
*He, who realises his error, is self improving person*
*He, who coverbooks his error,*
*is no better than a beast rogue*
*He, who flaunts his errors, is an incorrigible*



ਮਨੁੱਖਤਾ ਹਿਤੈਸ਼ੀ

## ਗ੍ਰੇਟਾ ਥੁਨਬਰਗ ਜਿਸ ਨੇ ਦੁਨੀਆਂ ਨੂੰ ਝੰਜੋੜ ਦਿੱਤਾ

ਸਤਨਾਮ ਸਿੰਘ ਮਾਣਕ
ਜਲੰਧਰ

ਦੁਨੀਆਂ ਵਿੱਚ ਹਰ ਰੋਜ਼ ਬਹੁਤ ਕੁੱਝ ਵਾਪਰਦਾ ਹੈ ਜਿਸ ਵਿੱਚੋਂ ਜ਼ਿਆਦਤਰ ਮਨ ਵਿੱਚੋਂ ਵਿੱਸਰ ਜਾਂਦਾ ਹੈ। ਪਰ ਕੁਝ ਸ਼ਖ਼ਸੀਅਤਾਂ ਇਸ ਤਰ੍ਹਾਂ ਦੀਆਂ ਹੁੰਦੀਆਂ ਹਨ ਜੋ ਸਾਡੇ ਮਨ ਵਿੱਚ ਪੱਕੀ ਥਾਂ ਬਣਾ ਕੇ ਬੈਠ ਜਾਂਦੀਆਂ ਹਨ ਅਤੇ ਸਾਡੀ ਜ਼ਿੰਦਗੀ ਨੂੰ ਲੰਮੇ ਸਮੇਂ ਤਕ ਪ੍ਰਭਾਵਿਤ ਕਰਦੀਆਂ ਰਹਿੰਦੀਆਂ ਹਨ। ਅਜਿਹੀ ਇੱਕ ਛੋਟੀ ਬੱਚੀ ਮੇਰੇ ਧਿਆਨ ਦਾ ਉਸ ਸਮੇਂ ਕੇਂਦਰ ਬਣੀ, ਜਦੋਂ ਸੰਯੁਕਤ ਰਾਸ਼ਟਰ ਸੰਘ ਦੇ ਜਲਵਾਯੂ ਤਬਦੀਲੀ ਸੰਬੰਧੀ ਸੰਮੇਲਨ ਵਿੱਚ ਮੈਂ ਧਰਤੀ ਦੀ ਵਧ ਰਹੀ ਤਪਸ਼ ਸੰਬੰਧੀ ਉਸ ਵੱਲੋਂ ਦੁਨੀਆਂ ਦੇ ਹੁਕਮਰਾਨਾਂ ਨੂੰ ਸੰਬੋਧਿਤ ਹੋ ਕੇ ਦਿੱਤੇ ਗਏ ਭਾਸ਼ਣ ਦੀ ਟੀ.ਵੀ. 'ਤੇ ਕਵਰੇਜ਼ ਦੇਖੀ। ਉਹ ਬੋਲ ਰਹੀ ਸੀ, "ਮੇਰਾ ਸੰਦੇਸ਼ ਇਹ ਹੈ ਕਿ ਅਸੀਂ ਤੁਹਾਡੇ ਉੱਤੇ ਨਜ਼ਰ ਰੱਖਾਂਗੇ। ਇਹ ਸਭ ਗ਼ਲਤ ਹੋ ਰਿਹਾ ਹੈ। ਮੈਨੂੰ ਇੱਥੇ ਨਹੀਂ ਸੀ ਹੋਣਾ ਚਾਹੀਦਾ। ਸਮੁੰਦਰ ਪਾਰ ਸਕੂਲੇ ਹੋਣਾ ਚਾਹੀਦਾ ਸੀ..........। ਤੁਸੀ ਆਪਣੇ ਖੋਖਲੇ ਬਿਆਨਾਂ ਨਾਲ ਮੇਰੇ ਸੁਪਨੇ ਤੇ ਮੇਰਾ ਬਚਪਨ ਚੁਰਾ ਲਿਆ ਹੈ। ਮੈ ਫਿਰ ਵੀ ਖ਼ੁਸ਼ਕਿਸਮਤ ਲੋਕਾਂ ਵਿੱਚੋਂ ਇੱਕ ਹਾਂ। ਲੋਕ ਦੁਖੀ ਹਨ, ਲੋਕ ਮਰ ਰਹੇ ਹਨ, ਸਾਰਾ ਈਕੋ ਸਿਸਟਮ ਤਬਾਹ ਹੋ ਰਿਹਾ ਹੈ। ਅਸੀਂ ਖ਼ਾਤਮੇ ਦੇ ਕੰਢੇ 'ਤੇ ਹਾਂ। ਤੁਸੀਂ ਸਾਰੇ ਧਨ-ਦੌਲਤ ਤੇ ਸਦੀਵੀ ਆਰਥਿਕ ਵਿਕਾਸ ਦੀਆਂ ਕਿੱਸੇ-ਕਹਾਣੀਆਂ ਬਾਰੇ ਗੱਲ ਕਰ ਰਹੇ ਹੋ। ਤੁਹਾਡੀ ਹਿੰਮਤ ਕਿਵੇਂ ਪਈ.....। ਤੁਸੀ ਸਾਨੂੰ ਨਾਕਾਮ ਕਰ ਰਹੇ ਹੋ। ਪਰ ਯੂਵਾ ਪੀੜ੍ਹੀ ਤੁਹਾਡੇ ਵਿਸ਼ਵਾਸਘਾਤ ਨੂੰ ਸਮਝਣ ਲਗੀ ਹੈ। ਆਉਣ ਵਾਲੀਆਂ ਪੀੜ੍ਹੀਆਂ ਤੁਹਾਡੇ 'ਤੇ ਨਜ਼ਰ ਰੱਖ ਰਹੀਆਂ ਹਨ। ਤੁਸੀ ਸਾਨੂੰ ਅਸਫਲ ਕਰਨ ਦੀ ਕੋਸ਼ਿਸ਼ ਕਰਦੇ ਹੋ, ਅਸੀਂ ਤੁਹਾਨੂੰ ਕਦੇ ਮੁਆਫ਼ ਨਹੀ ਕਰਾਂਗੇ"।

ਸੰਯੁਕਤ ਰਾਸ਼ਟਰ ਸੰਘ ਦੇ ਵਾਤਾਵਰਨ ਤਬਦੀਲੀ ਸੰਬੰਧੀ ਇਸ ਵਿਸ਼ੇਸ਼ ਸੰਮੇਲਨ ਵਿੱਚ ਭਾਸ਼ਣ ਦੇਣ ਵਾਲੀ ਇਹ 16 ਸਾਲ ਦੀ ਲੜਕੀ ਗ੍ਰੇਟਾ ਥੁਨਬਰਗ ਹੈ, ਜਿਸ ਨੇ ਵਿਸ਼ਵ ਭਰ ਵਿੱਚ ਵਾਤਾਵਰਨ ਤਬਦੀਲੀ ਨਾਲ ਪੈਦਾ ਹੋ ਰਹੇ ਖ਼ਤਰਿਆਂ ਸੰਬੰਧੀ ਲੋਕਾਂ ਵਿੱਚ ਵੱਡੀ ਪੱਧਰ 'ਤੇ ਚੇਤਨਾ ਪੈਦਾ ਕੀਤੀ ਹੈ ਅਤੇ ਆਪਣੇ ਯਤਨਾਂ ਨੂੰ ਇੱਕ ਅੰਦੋਲਨ ਦਾ ਰੂਪ ਦਿੱਤਾ ਹੈ। ਗ੍ਰੇਟਾ ਥੁਨਬਰਗ ਦਾ ਜਨਮ ਸਵੀਡਨ ਵਿੱਚ ਹੋਇਆ ਸੀ। ਉਸ ਦੀ ਮਾਤਾ ਦਾ ਨਾਮ ਮਲੇਂਦਾ ਇਰਨਮੈਨ ਹੈ ਅਤੇ ਉਹ ਕਿੱਤੇ ਵਜੋਂ ਇੱਕ ਓਪੇਰਾ ਗਾਇਕ ਹੈ। ਉਸ ਦੇ ਪਿਤਾ ਸਵਾਂਤੇ ਥੁਨਬਰਗ ਵੀ ਇੱਕ ਐਕਟਰ ਹਨ। ਭਾਵੇਂ ਗ੍ਰੇਟਾ ਥੁਨਬਰਗ ਦੇ ਪਰਿਵਾਰ ਦਾ ਵਾਤਾਵਰਨ ਬਚਾਉਣ ਦੀਆਂ ਸਰਗਰਮੀਆਂ ਨਾਲ ਕੋਈ ਨੇੜੇ ਦਾ ਸੰਬੰਧ ਨਹੀਂ ਸੀ, ਪਰ ਇਸ ਪਰਿਵਾਰ ਦੇ ਬਜ਼ੁਰਗਾਂ ਦੀ ਵਾਤਾਵਰਨ ਸੰਬੰਧੀ ਸਾਇੰਸਦਾਨ ਸਵਾਂਤੇ ਐਰੀਹੈਨਿਊਸ ਨਾਲ ਦੂਰ ਦੀ ਰਿਸ਼ਤੇਦਾਰੀ ਜ਼ਰੂਰ ਸੀ, ਜਿਸ ਨੇ ਦੁਨੀਆਂ ਨੂੰ ਸਭ ਤੋਂ ਪਹਿਲਾਂ ਇਹ ਦੱਸਿਆ ਸੀ ਕਿ ਮਨੁੱਖ ਦੀਆਂ ਸਰਗਰਮੀਆਂ ਨਾਲ ਧਰਤੀ 'ਤੇ ਕਾਰਬਨਡਾਇਆਕਸਾਈਡ ਦੀ ਮਾਤਰਾ ਵਧ ਰਹੀ ਹੈ ਜੋ ਕਿ ਧਰਤੀ ਦੇ ਤਾਪਮਾਨ ਵਿੱਚ ਵਾਧਾ ਕਰ ਰਹੀ ਹੈ।



ਗ੍ਰੇਟਾ ਥੁਨਬਰਗ ਨੂੰ ਸਭ ਤੋਂ ਪਹਿਲਾਂ 8 ਸਾਲ ਦੀ ਉਮਰ ਵਿੱਚ ਧਰਤੀ ਦੀ ਵੱਧ ਰਹੀ ਤਪਸ਼ ਬਾਰੇ ਉਸ ਵੇਲੇ ਪਤਾ ਲੱਗਾ ਜਦੋਂ ਉਨ੍ਹਾਂ ਦੇ ਸਕੂਲ ਵਿੱਚ ਇਸ ਸੰਬੰਧੀ ਇੱਕ ਫ਼ਿਲਮ ਦਿਖਾਈ ਗਈ ਸੀ। ਇਸ ਫ਼ਿਲਮ ਦਾ ਉਸ 'ਤੇ ਗਹਿਰਾ ਅਸਰ ਹੋਇਆ। ਜ਼ਿਆਦਾ ਸੋਚਣ ਅਤੇ ਜ਼ਿਆਦਾ ਫ਼ਿਕਰਮੰਦ ਰਹਿਣ ਕਾਰਨ ਉਹ ਬਿਮਾਰ ਹੋ ਗਈ। ਉਹ ਮਾਨਸਿਕ ਤੌਰ 'ਤੇ ਦਬਾਅ ਵਿੱਚ ਰਹਿਣ ਲੱਗ ਪਈ ਅਤੇ ਕਈ ਵਾਰ ਉਹ ਖ਼ਾਮੋਸ਼ ਹੋ ਜਾਂਦੀ ਅਤੇ ਉਸ ਨੂੰ ਬੋਲਣ ਵਿੱਚ ਸੱਮਸਿਆ ਪੇਸ਼ ਆਉਂਦੀ। 11 ਸਾਲ ਦੀ ਉਮਰ ਵਿੱਚ ਉਸ ਦਾ ਮਾਨਸਿਕ ਦਬਾਅ ਹੋਰ ਵੀ ਵਧੇਰੇ ਵੱਧ ਗਿਆ। ਇਸ ਦਾ ਵੱਡਾ ਕਾਰਨ ਧਰਤੀ ਦੀ ਵੱਧ ਰਹੀ ਤਪਸ਼ ਸੰਬੰਧੀ ਉਸ ਦੀ ਚਿੰਤਾ ਸੀ। ਉਸ ਨੇ ਸਕੂਲ ਜਾਣਾ ਬੰਦ ਕਰ ਦਿੱਤਾ। ਇਸ ਕਾਰਨ ਉਸ ਦੇ ਮਾਂ-ਬਾਪ ਵਧੇਰੇ ਚਿੰਤਤ ਹੋ ਗਏ। ਉਸ ਨੇ ਆਪਣੇ ਮਨ ਦੀਆਂ ਸਾਰੀਆਂ ਗੱਲਾਂ ਆਪਣੇ ਮਾਪਿਆਂ ਨੂੰ ਖੁੱਲ੍ਹ ਕੇ ਦੱਸੀਆਂ ਅਤੇ ਇੱਕ ਤਰ੍ਹਾਂ ਰਾਹਤ ਵੀ ਮਹਿਸੂਸ ਕੀਤੀ। ਉਸ ਦੀ ਮਾਤਾ ਜਿਸ ਨੂੰ ਗਾਇਕੀ ਲਈ ਪੂਰੀ ਦੁਨੀਆਂ ਵਿੱਚ ਇੱਧਰ-ਉੱਧਰ ਜਾਣਾ ਪੈਂਦਾ ਸੀ, ਉਸ ਨੇ ਇਹ ਸਰਗਰਮੀਆਂ ਸਿਰਫ਼ ਸਟਾਕ ਹੋਮ ਤੱਕ ਹੀ ਸੀਮਿਤ ਕਰ ਦਿੱਤੀਆਂ।

ਹੌਲੀ-ਹੌਲੀ ਗ੍ਰੇਟਾ ਨੂੰ ਅਹਿਸਾਸ ਹੋਇਆ ਕਿ ਵਾਤਾਵਰਨ ਸੰਬੰਧੀ ਜੋ ਉਹ ਫ਼ਿਕਰ ਕਰਦੀ ਹੈ, ਉਹ ਇਹ ਗੱਲਾਂ ਦੱਸ ਕੇ ਦੂਜਿਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ ਅਤੇ ਇਸ ਨਾਲ ਕੁੱਝ ਨਾ ਕੁੱਝ ਫ਼ਰਕ ਜ਼ਰੂਰ ਪੈ ਸਕਦਾ ਹੈ। ਮਈ 2018 ਵਿੱਚ 15 ਸਾਲ ਦੀ ਉਮਰ ਵਿੱਚ ਉਸ ਨੇ ਸਵੀਡਨ ਦੇ ਅਖ਼ਬਾਰ 'ਸਵਿਨਸਕਾ ਡੈਗ ਬਲੇਡੈਂਟ' ਵੱਲੋਂ ਵਾਤਾਵਰਨ 'ਚ ਆ ਰਹੀ ਤਬਦੀਲੀ ਬਾਰੇ ਕਰਵਾਏ ਲੇਖ ਮੁਕਾਬਲੇ ਵਿੱਚ ਹਿੱਸਾ ਲਿਆ ਜਿਸ ਵਿੱਚ ਉਸ ਨੇ ਪਹਿਲਾ ਇਨਾਮ ਜਿੱਤਿਆ ਅਤੇ ਉਸ ਦਾ ਇਹ ਲੇਖ ਅਖ਼ਬਾਰ ਵਿੱਚ ਛਪਿਆ। ਇਸ ਤੋ ਬਾਅਦ ਉਸ ਦਾ ਸੰਪਰਕ ਬੋਥਰੇਨ ਨਾਂ ਦੇ ਇੱਕ ਹੋਰ ਕਾਰਕੁੰਨ ਨਾਲ ਹੋਇਆ ਜੋ ਵਾਤਾਵਰਨ ਦੀ ਤਬਦੀਲੀ ਸੰਬੰਧੀ ਕੰਮ ਕਰ ਰਿਹਾ ਸੀ। ਅਮਰੀਕਾ ਦੇ ਸ਼ਹਿਰ ਫਲੋਰੀਡਾ ਵਿੱਚ ਸਟੋਨਮੈਨ ਡਗਲਸ ਹਾਈ ਸਕੂਲ ਦੇ ਵਿੱਦਿਆਰਥੀਆਂ ਵੱਲੋਂ ਗੰਨ ਸੱਭਿਆਚਾਰ ਵਿਰੁੱਧ ਪਾਰਕਲੈਂਡ ਵਿੱਚ ਕੀਤੇ ਗਏ ਦਿਖਾਵੇ

ਕਾਰਨ ਉਸ ਦੇ ਦਿਮਾਗ਼ ਵਿੱਚ ਵਿਚਾਰ ਆਇਆ ਕਿ ਧਰਤੀ ਦੀ ਵੱਧ ਰਹੀ ਤਪਸ਼ ਵੱਲ ਲੋਕਾਂ ਦਾ ਧਿਆਨ ਖਿੱਚਣ ਲਈ ਵਿਦਿਆਰਥੀਆਂ ਵੱਲੋਂ ਆਪਣੇ ਸਕੂਲਾਂ ਵਿੱਚ ਰੋਸ ਪ੍ਰਗਟ ਕੀਤੇ ਜਾਣ। ਉਸ ਨੇ ਇਸ ਸੰਬੰਧੀ ਹੋਰ ਵਿਦਿਆਰਥੀਆਂ ਨਾਲ ਗੱਲ ਕੀਤੀ, ਪਰ ਕੋਈ ਵੀ ਇਸ ਅੰਦੋਲਨ ਵਿੱਚ ਸ਼ਾਮਿਲ ਹੋਣ ਲਈ ਤਿਆਰ ਨਾ ਹੋਇਆ। 20 ਅਗਸਤ 2018 ਨੂੰ ਗ੍ਰੇਟਾ ਨੇ ਇੱਕਲਿਆਂ ਹੀ ਆਪਣੇ ਅੰਦੋਲਨ ਦੀ ਸ਼ੁਰੂਆਤ ਕੀਤੀ। ਉਹ ਸਕੂਲ ਜਾਣ ਦੀ ਥਾਂ 'ਤੇ ਇੱਕ ਤਖ਼ਤੀ ਲੈ ਕੇ ਸਵੀਡਨ ਦੀ ਪਾਰਲੀਮੈਂਟ ਸਾਹਮਣੇ ਬੈਠ ਗਈ। ਇਸ ਤਖ਼ਤੀ ਉੱਤੇ 'ਵਾਤਾਵਰਨ ਲਈ ਸਕੂਲ ਹੜਤਾਲ' 'Skolstrejk for Klimatet' ਲਿਖਿਆ ਹੋਇਆ ਸੀ। ਉਸ ਨੇ ਇਸ ਅਵਸਰ' ਤੇ ਕੁਝ ਪਰਚੇ ਵੀ ਵੰਡੇ ਜਿਸ ਵਿੱਚ ਉਸ ਨੇ ਧਰਤੀ ਦੀ ਤਪਸ਼ ਵਧਣ ਨਾਲ ਆਉਣ ਵਾਲੀਆਂ ਤਬਦੀਆਂ ਬਾਰੇ ਲਿਖਿਆ ਸੀ। ਉਹ ਸਵੇਰੇ 8:30 ਵਜੇ ਤੋਂ ਸ਼ਾਮ 3 ਵਜੇ ਤਕ ਸਵੀਡਨ ਦੀ ਪਾਰਲੀਮੈਂਟ ਸਾਹਮਣੇ ਬੈਠੀ ਰਹੀ। ਇਸ ਸਮੇਂ ਦੌਰਾਨ ਉਸ ਨੇ ਟਵਿੱਟਰ ਅਤੇ ਇੰਸਟਾਗਰਾਮ 'ਤੇ ਕੁਝ ਤਸਵੀਰਾਂ ਵੀ ਪੋਸਟ ਕੀਤੀਆਂ। ਕੁਝ ਪੱਤਰਕਾਰ ਵੀ ਉਸ ਦਿਨ ਉਸ ਨੂੰ ਮਿਲਣ ਆਏ। ਦੂਜੇ ਦਿਨ ਫਿਰ ਉਹ ਉਸੇ ਸਮੇਂ ਸਵੀਡਨ ਦੀ ਪਾਰਲੀਮੈਂਟ ਦੇ ਸਾਹਮਣੇ ਬੈਠ ਗਈ। ਪਰ ਇਸ ਦਿਨ ਉਹ ਇੱਕਲੀ ਨਹੀਂ ਸੀ। ਲੋਕ ਉਸ ਦੀ ਹੜਤਾਲ ਵਿੱਚ ਸ਼ਾਮਿਲ ਹੋਣ ਲਈ ਆਉਣ ਲੱਗ ਪਏ। ਇਹ ਸਿਲਸਿਲਾ 9 ਸਤੰਬਰ, 2018 ਤੋਂ 21 ਦਿਨਾਂ ਤਕ ਚੱਲਿਆ। ਇਸ ਸਮੇ ਦੌਰਾਨ ਲੋਕ ਉਸ ਨੂੰ ਜਾਣਨ ਲੱਗ ਪਏ। ਉਸ ਦੀ ਮਾਤਾ ਨੇ ਵੀ ਉਸ ਦੇ ਇਸ ਅੰਦੋਲਨ ਬਾਰੇ ਆਪਣੇ ਸੋਸ਼ਲ ਮੀਡੀਆ 'ਤੇ ਇਹ ਜਾਣਕਾਰੀ ਲੋਕਾਂ ਨਾਲ ਸਾਂਝੀ ਕੀਤੀ ਤੇ ਬਹੁਤ ਸਾਰੇ ਲੋਕ ਉਸ ਦੇ ਪ੍ਰਸ਼ੰਸਕ ਬਣ ਗਏ। ਬਹੁਤ ਸਾਰੇ ਅਖ਼ਬਾਰਾਂ ਨੇ ਵੀ ਉਸ ਦੀ ਇਹ ਕਹਾਣੀ ਆਪਣੇ ਐਡੀਸ਼ਨਾਂ ਵਿੱਚ ਪ੍ਰਕਾਸ਼ਿਤ ਕੀਤੀ। ਗ੍ਰੇਟਾ ਨੂੰ ਵਾਤਾਵਰਨ ਤਬਦੀਲੀ ਸੰਬੰਧੀ ਇੱਕ ਰੈਲੀ ਵਿੱਚ ਬੋਲਣ ਦਾ ਸੱਦਾ ਆਇਆ, ਜਿਸ ਵਿੱਚ ਉਸ ਨੇ ਹਜ਼ਾਰਾਂ ਲੋਕਾਂ ਸਾਹਮਣੇ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਹੁਣ ਉਹ ਲਗਾਤਾਰ ਲੋਕਾਂ, ਸਿਆਸਤਦਾਨਾਂ ਅਤੇ ਪੱਤਰਕਾਰਾਂ ਸਾਹਮਣੇ ਬੋਲਣ ਲੱਗ ਪਈ। ਦੁਨੀਆ ਭਰ ਵਿੱਚ ਨੌਜਵਾਨ ਅਤੇ ਬੱਚੇ ਉਸ ਦੇ ਇਸ ਅੰਦੋਲਨ ਦਾ ਹਿੱਸਾ ਬਣ ਗਏ। 15 ਮਾਰਚ, 2019 ਨੂੰ ਉਸ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਧਰਤੀ ਦੀ ਵੱਧ ਰਹੀ ਤਪਸ਼ ਵਿਰੁੱਧ ਇੱਕ ਦਿਨ ਦੀ ਸਕੂਲ ਹੜਤਾਲ ਕਰਨ ਦਾ ਸੱਦਾ ਦਿੱਤਾ। ਇਸ ਵਿੱਚ 10 ਲੱਖ, 60 ਹਜ਼ਾਰ ਦੇ ਲਗਭਗ ਬੱਚਿਆਂ, ਨੌਜਵਾਨਾਂ ਅਤੇ ਹੋਰ ਲੋਕਾਂ ਨੇ ਵਿਸ਼ਵ ਪੱਧਰ 'ਤੇ ਸ਼ਿਰਕਤ ਕੀਤੀ। ਦੁਨੀਆ ਦੇ 128 ਦੇਸ਼ਾਂ ਦੇ 2233 ਸ਼ਹਿਰਾਂ ਵਿੱਚ ਇਹ ਇਕ ਦਿਨਾ ਸਕੂਲ ਹੜਤਾਲ ਹੋਈ। ਇਸ ਕਰਕੇ ਇਤਿਹਾਸ ਵਿੱਚ ਇਸ ਨੂੰ ਵਾਤਾਵਰਨ ਤਬਦੀਲੀ ਸੰਬੰਧੀ ਇਕ ਵੱਡੀ ਕਾਰਵਾਈ ਵੱਜੋਂ ਜਾਣਿਆ ਹੈ। ਇਕ ਛੋਟੀ ਜਿਹੀ ਲੜਕੀ ਨੇ ਸਵੀਡਨ ਦੀ ਪਾਰਲੀਮੈਂਟ ਦੇ ਸਾਹਮਣੇ ਆਪਣੇ ਹੱਥ ਨਾਲ ਲਿਖੀ ਹੋਈ ਤਖ਼ਤੀ ਲੈ ਕੇ ਜੋ ਅੰਦੋਲਨ ਸ਼ੁਰੂ ਕੀਤਾ ਸੀ, ਹੁਣ ਉਹ ਇਕ ਅੰਤਰਰਾਸ਼ਟਰੀ ਅੰਦੋਲਨ ਦਾ ਰੂਪ ਲੈ ਚੁੱਕਾ ਹੈ ਤੇ 23 ਸੰਤਬਰ ਨੂੰ ਸੰਯੁਕਤ ਰਾਸ਼ਟਰ ਦੇ ਵਾਤਾਵਰਨ ਸੰਬੰਧੀ ਇਕ ਸੰਮੇਲਨ ਵਿੱਚ ਉਸ ਵੱਲੋਂ ਦਿੱਤਾ ਗਿਆ ਵਿਸ਼ਵ ਭਰ ਦੇ ਸਿਆਸੀ ਆਗੂਆਂ ਅਤੇ ਲੋਕਾਂ ਨੂੰ ਝੰਜੋੜਣ ਵਾਲਾ ਭਾਸ਼ਣ ਇਸ ਅੰਦੋਲਨ ਦਾ ਇਕ ਹੋਰ ਵੱਡਾ ਪੜਾਅ ਹੋ ਗੁਜ਼ਰਿਆ ਹੈ।

ਗ੍ਰੇਟਾ ਦੀ ਇਹ ਕਹਾਣੀ ਬਿਨਾਂ ਸ਼ੱਕ ਦੁਨੀਆਂ ਭਰ ਦੇ ਬੱਚਿਆਂ, ਨੌਜਵਾਨਾ ਅਤੇ ਵੱਡੀ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੀ ਹੈ। ਜੇ ਕੋਈ ਇਕ ਵਿਅਕਤੀ ਵੀ ਲੋਕ ਹਿੱਤ ਦੇ ਕਿਸੇ ਮੁੱਦੇ ਨੂੰ ਲੈ ਕੇ ਅੰਦੋਲਨ ਆਰੰਭ ਕਰਦਾ ਹੈ ਤਾਂ ਹੌਲੀ ਹੌਲੀ ਉਹ ਅੰਦੋਲਨ ਇਕ ਲਹਿਰ ਦਾ ਰੂਪ ਲੈ ਲੈਂਦਾ ਹੈ। ਅਜਿਹੇ ਅੰਦੋਲਨ ਲਾਜ਼ਮੀ ਤੌਰ ਤੇ, ਦੇਰ ਸਵੇਰ ਸਮਾਜਿਕ ਸਥਿਤੀਆਂ ਵਿੱਚ ਤਬਦੀਲੀ ਲਿਆਉਣ ਵਿੱਚ ਆਪਣਾ ਪ੍ਰਭਾਵ ਪਾਉਂਦੇ ਹਨ। ਅਸੀਂ ਗ੍ਰੇਟਾ ਥੁਨਬਰਗ ਦੀ ਇਸ ਦ੍ਰਿੜਤਾ ਅਤੇ ਦੂਰਅੰਦੇਸ਼ੀ ਨੂੰ ਸਲਾਮ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਇਕ ਸੁਰੱਖਿਅਤ ਵਿਸ਼ਵ ਸਿਰਜਣ ਵਿੱਚ ਉਸ ਵੱਲੋ ਕੀਤੇ ਜਾ ਰਹੇ ਯਤਨ ਵੱਡਾ ਹਿੱਸਾ ਪਾਉਣਗੇ।

( ਪੁਸਤਿਕਾ'ਰਾਹ ਅੱਕਾਂ ਤੋਂ ਕੌੜੇ' ਵਿੱਚੋਂ ਧੰਨਵਾਦ ਸਹਿਤ)

❊ ❊ ❊ ❊ ❊

## ਅਕਤੂਬਰ-ਦਸੰਬਰ, 2025 ਦੌਰਾਨ ਸੈਣੀ ਭਵਨ ਨੂੰ ਦਾਨ ਦੇਣ ਵਾਲੇ ਸੱਜਣ

1. ਇੰਜ. ਹਰਜੀਤ ਸਿੰਘ ਸੈਣੀ, ਟਰੱਸਟੀ ਸੈਣੀ ਭਵਨ ਰੂਪਨਗਰ-11000/
2. ਡਾ. ਜਸਵੰਤ ਕੌਰ ਸੈਣੀ, ਟਰੱਸਟੀ ਸੈਣੀ ਭਵਨ ਰੂਪਨਗਰ-11000/
3. ਸ਼੍ਰੀ ਜ਼ੋਰਾਵਰ ਸਿੰਘ, ਨਹਿਰੂ ਨਗਰ, ਰੂਪਨਗਰ-2100/
4. ਇੰਜ. ਕਰਨੈਲ ਸਿੰਘ ਰਿਟਾ. ਸੀਨੀ. ਐਕਸੀਅਨ, ਰੂਪਨਗਰ-1100/
5. ਸ. ਰਾਮ ਸਿੰਘ ਸੈਣੀ, ਟਰੱਸਟੀ ਸੈਣੀ ਭਵਨ ਰੂਪਨਗਰ-1100/
6. ਸ. ਮੋਹਣ ਸਿੰਘ ਰਿਟਾ. ਇੰਸ. ਪੰਜਾਬ ਰੋਡਵੇਜ਼,ਪਪਰਾਲਾ-500/
7. ਸ਼੍ਰੀ ਐਸ.ਐਮ. ਸਿੰਘ, ਹਵੇਲੀ ਕਲਾਂ ਰੂਪਨਗਰ-500/
8. ਸ. ਪੰਜਾਬ ਸਿੰਘ # ਪਿਆਰਾ ਸਿੰਘ ਕਲੋਨੀ ਰੂਪਨਗਰ-500/

❊ ❊ ❊ ❊ ❊

• ਤੁਸੀਂ ਆਪਣੇ ਕਰਮਾਂ ਦੇ ਬੀਜ ਬੀਜਦੇ ਰਹੋ। ਤੁਹਾਨੂੰ ਨਹੀਂ ਪਤਾ ਕਿ ਉਨ੍ਹਾਂ ਵਿੱਚੋਂ ਕਿਹੜਾ ਫਲ ਦੇਣ ਵਾਲਾ ਹੋਵੇਗਾ। ਹੋ ਸਕਦਾ ਹੈ ਕਿ ਸਾਰੇ ਹੀ ਫਲ ਦੇਣ ਵਾਲੇ ਹੋ ਜਾਣ-ਐਲਬਰਟ ਆਈਂਸਟੀਨ



# ਧਰਮਿੰਦਰ ਨਾਲ ਕੁੱਝ ਪਲ

ਦਵਿੰਦਰ ਜਟਾਣਾ
ਰੂਪਨਗਰ

ਸਿਨੇਮਾ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਅਦਾਕਾਰ ਧਰਮਿੰਦਰ 24 ਨਵੰਬਰ, 2025 ਨੂੰ ਇਸ ਸੰਸਾਰ ਤੋਂ ਵਿਦਾ ਹੋ ਗਏ ਹਨ। ਪੰਜਾਬ ਵਿੱਚ ਸਾਹਨੇਵਾਲ ਨੇੜੇ ਪਿੰਡ ਨਸਰਾਲੀ ਵਿਖੇ 8 ਦਸੰਬਰ, 1935 ਨੂੰ ਮਾਸਟਰ ਕੇਵਲ ਕ੍ਰਿਸ਼ਨ ਦੇ ਘਰ ਜਨਮੇ ਧਰਮ ਸਿੰਘ ਦਿਓਲ ਉਰਫ ਧਰਮਿੰਦਰ ਨੇ ਛੇ ਦਹਾਕਿਆਂ ਦੇ ਸ਼ਾਨਦਾਰ ਕਰੀਅਰ ਦੌਰਾਨ 300 ਦੇ ਕਰੀਬ ਐਕਸ਼ਨ, ਰੋਮਾਂਸ ਅਤੇ ਕਾਮੇਡੀ ਫਿਲਮਾਂ 'ਚ ਆਪਣੀ ਬਹੁਪੱਖੀ ਪ੍ਰਤਿਭਾ ਦਾ ਲੋਹਾ ਮਨਵਾਇਆ। ਉਸ ਨੇ 1952 ਵਿੱਚ ਰਾਮਗੜ੍ਹੀਆ ਕਾਲਜ ਫਗਵਾੜਾ ਤੋਂ ਪੜ੍ਹਾਈ ਕੀਤੀ ਅਤੇ 1954 ਵਿੱਚ ਉਨ੍ਹਾਂ ਦਾ ਵਿਆਹ ਬਨਭੌਰਾ ਪਿੰਡ ਦੀ ਪ੍ਰਕਾਸ਼ ਕੌਰ ਨਾਲ ਹੋਇਆ। ਉਨ੍ਹਾਂ ਨੇ ਸ਼ੋਅਲੇ, ਚੁਪਕੇ ਚੁਪਕੇ, ਅਨੁਪਮਾ, ਸੱਤਿਆਕਾਮ, ਸੀਤਾ ਔਰ ਗੀਤਾ, ਯਾਦੋਂ ਕੀ ਬਰਾਤ, ਪ੍ਰਤਿੱਗਿਆ, ਧਰਮ ਵੀਰ, ਯਮਲਾ ਪਗਲਾ ਦੀਵਾਨਾ ਆਦਿ ਫਿਲਮਾਂ ਰਾਹੀਂ ਆਪਣੀ ਲਿਆਕਤ ਦੀ ਧਾਂਕ ਜਮਾਈ। ਸੁਹਣੇ-ਸੁਨੱਖੇ ਇਸ ਅਦਾਕਾਰ ਨੂੰ ਖੂਬਸੂਰਤੀ ਕਾਰਨ ਅਕਸਰ 'ਗਰੀਕ ਗੌਡ' ਅਖਿਆ ਜਾਂਦਾ ਸੀ। ਸੈਣੀ ਭਵਨ ਰੂਪਨਗਰ ਦੇ ਟਰੱਸਟੀ ਸ. ਦਵਿੰਦਰ ਸਿੰਘ ਜਟਾਣਾ ਜਦੋਂ ਆਪਣੇ ਰਿਸ਼ਤੇਦਾਰਾਂ ਪਾਸ ਅਮਰੀਕਾ ਗਏ ਤਾਂ ਉਨ੍ਹਾਂ ਨੇ ਸਾਨ ਫਰਾਂਸਿਸਕੋ ਵਿਖੇ ਇਲਾਜ ਕਰਵਾਉਣ ਲਈ ਗਏ ਧਰਮਿੰਦਰ ਨਾਲ ਉਨ੍ਹਾਂ ਦੇ ਦੋਸਤ ਦੇ ਘਰ ਮੁਲਾਕਾਤ ਕੀਤੀ। ਉਨ੍ਹਾਂ ਨਾਲ ਹੋਈ ਗੱਲਬਾਤ ਦੇ ਕੁੱਝ ਅੰਸ਼ ਦਿੱਤੇ ਜਾ ਰਹੇ ਹਨ- ਮੁੱਖ ਸੰਪਾਦਕ

ਹਿੰਦੋਸਤਾਨੀ ਦਿਲਾਂ ਦੀ ਧੜਕਣ ਅਤੇ ਪਿਛਲੇ ਚਾਰ ਦਹਾਕਿਆਂ ਤੋਂ ਬਾਲੀਵੁੱਡ ਦਾ ਇਹ ਮਹਿਬੂਬ ਕਲਾਕਾਰ ਜਿਸ ਨੂੰ ਮਿਲਣ ਦੀ ਉਤਸੁਕਤਾ ਸਭਨਾਂ ਅੰਦਰ ਸੀ, ਡਰਾਇੰਗ ਰੂਮ 'ਚ ਉੱਠ ਕੇ ਬੜੇ ਤਪਾਕ ਨਾਲ ਮਿਲੇ। ਉਨ੍ਹਾਂ ਦੇ ਚਿਹਰੇ ਦੀ ਸੁੰਦਰਤਾ, ਸੁਭਾਉ ਦੀ ਸਾਦਗੀ, ਪਿਆਰੀ ਤੱਕਣੀ ਤੇ ਮਿਲਣੀ 'ਚ ਆਪਣੇਪਣ ਦਾ ਅਹਿਸਾਸ ਟੁੰਬ ਗਿਆ। ਸੁੰਦਰ ਸੁਡੌਲ ਸਰੀਰ, ਕਲਪਣਾ ਵਰਗੇ ਸੀ ਉਹ। ਸਾਰੇ ਆਪੇ ਹੀ ਆਪੋ ਆਪਣਾ ਤਾਅਰੁਫ ਕਰਾਉਂਦੇ ਗਏ। ਮੇਰੀ ਵਾਰੀ 'ਤੇ ਮੈਂ ਕਿਹਾ. ਮੈਂ ਦਵਿੰਦਰ ਜਟਾਣਾ ਰੋਪੜ ਤੋਂ ਹਾਂ। ਉਹ ਇੱਕਦਮ ਬੋਲੇ, 'ਰੋਪੜ ਮੈਂ ਇੱਕ ਵਾਰ 'ਝੀਲ ਕੇ ਉਸ ਪਾਰ' ਫਿਲਮ ਦੀ ਸ਼ੂਟਿੰਗ 'ਤੇ ਗਿਆ ਸੀ। ਮੈਂ ਕਿਹਾ, ਹਾਂ ਜੀ ਸਤਲੁਜ ਦੇ ਕੰਢੇ 'ਤੇ ਸੀ ਉਹ ਸਥਾਨ। ਸਭ ਬੈਠ ਗਏ ਤੇ ਹਲਕੀਆਂ ਫੁਲਕੀਆਂ ਗੱਲਾਂ ਸ਼ੁਰੂ ਹੋ ਗਈਆਂ। ਸੁਖਜੀਤ ਨੇ ਸਿਹਤ ਬਾਰੇ ਪੁੱਛਣ ਦੀ ਪਹਿਲ ਕਰਨ 'ਤੇ ਉਨ੍ਹਾਂ ਜਵਾਬ ਦਿੱਤਾ, ' ਜੀ ਹੁਣ ਤਾਂ ਠੀਕ ਹਾਂ। ਫਿਰ ਮਜ਼ਾਕੀਆ ਅੰਦਾਜ਼ ਵਿੱਚ ਕਿਹਾ, ਜਵਾਨ ਬਣਨ ਦੀ ਕੋਸ਼ਿਸ਼ ਕਰ ਰਿਹਾ ਸਾਂ ਪਰ ਉਮਰ ਤਾਂ ਆਪਣਾ ਰੰਗ ਵਿਖਾਉਂਦੀ ਹੈ। ਕਈ ਘੰਟੇ ਕਸਰਤ ਕਰਨ ਲਗ ਪਿਆ, ਜੌਗਿੰਗ ਸ਼ੁਰੂ ਕਰ ਦਿੱਤੀ, ਫਿਰ ਪਿੱਠ 'ਚ ਦਰਦ ਸ਼ੁਰੂ ਹੋ ਗਿਆ ਤੇ ਗੱਲ ਵਧ ਗਈ। ਭਾਵੇਂਕਿ ਆਪਣੇ ਮੁਲਕ ਵਿੱਚ ਵੀ ਚੰਗੇ ਡਾਕਟਰ ਤੇ ਹਸਪਤਾਲ ਹਨ ਪਰ ਇੱਥੇ ਦੋਸਤ ਡਾਕਟਰਾਂ ਕੋਲ ਆ ਕੇ ਬਹੁਤ ਤਸੱਲੀ ਹੁੰਦੀ ਹੈ'।



ਗੱਲ ਤੁਰਦੀ ਤੁਰਦੀ ਭਾਰਤ ਦੀ ਵਧ ਰਹੀਂ ਵਸੋਂ, ਅਨਪੜ੍ਹਤਾ ਅਤੇ ਭ੍ਰਿਸ਼ਟਾਚਾਰ ਵੱਲ ਸੇਧਤ ਹੋ ਗਈ। ਗੱਲਾਂ ਦਾ ਸਿਲਸਿਲਾ ਕਿਸੇ ਖ਼ਾਸ ਫਿਲਮ ਦੇ ਰੋਲ ਬਾਰੇ ਜਾਂ ਉਸ ਫਿਲਮ ਦੇ ਗਾਣੇ ਬਾਰੇ ਚਲਦਾ ਰਿਹਾ। ਉਰਦੂ ਜ਼ੁਬਾਨ ਦੀ ਗੱਲ ਚੱਲੀ ਤਾਂ ਕਹਿਣ ਲੱਗੇ,'ਮੈਂ ਵੀ ਪਹਿਲੀਆਂ ਦੋ ਕੁ ਜਮਾਤਾਂ 'ਚ ਪੜ੍ਹਿਆ ਹੈ ਤੇ ਸੋਹਣਾ ਬੋਲ ਲੈਂਦਾ ਹਾਂ'। ਮੈਂ ਗੱਲ ਨੂੰ ਮੋੜਦਿਆਂ ਕਿਹਾ, 'ਧਰਮਿੰਦਰ ਜੀ ! ਏਨਾ ਮਾਣ ਮਿਲਿਆ ਹੈ ਤੁਹਾਨੂੰ ਫਿਲਮ ਜਗਤ ਤੇ ਬਾਹਰ ਦਰਸ਼ਕਾਂ ਵਿੱਚ। ਤੁਸੀਂ ਸਦਾਬਹਾਰ ਹੀਰੋ ਵਾਂਗ ਜਾਣੇ ਜਾਂਦੇ ਹੋ। ਸਭਨਾਂ 'ਤੇ ਉਤਰਾਅ ਚੜ੍ਹਾਅ ਆਏ ਹਨ ਪਰ ਤੁਸੀਂ ਆਪਣੀ ਖ਼ਾਸ ਉਚਾਈ 'ਤੇ ਰਹੇ। ਕਿਵੇਂ ਮਹਿਸੂਸ ਹੁੰਦੇ? ਉਨ੍ਹਾਂ ਖੁਸ਼ੀ ਨਾਲ ਮੇਰਾ ਹੱਥ ਪਕੜਿਆ ਤੇ ਕਿਹਾ, "ਇਹ ਸਭ ਤੁਹਾਡੇ ਵਰਗੇ ਲੋਕਾਂ ਦੀ ਦੁਆ ਤੇ ਪਿਆਰ ਹੈ। ਮੈਨੂੰ ਉਹ ਦਿਨ ਯਾਦ ਨੇ ਜਦੋਂ ਮੈਂ ਪਿੰਡ ਸਾਹਨੇਵਾਲ ਰਹਿੰਦਾ ਸੀ। ਹੁਣ ਕਾਹਦਾ ਪਿੰਡ ਰਹਿ ਗਿਆ, ਲੁਧਿਆਣੇ ਦੇ ਭੀੜ-ਭੜੱਕੇ 'ਚ ਗੁਆਚ ਗਿਆ। ਨਾ ਉਹ ਪਹਿਲਾਂ ਵਾਲੇ ਦਰਵਾਜ਼ੇ ਵਾਲੀ ਗੱਲ ਰਹੀ ਹੈ। ਪਹਿਲਾਂ ਦੂਰ ਤੱਕ ਖੁੱਲ੍ਹਾ ਮੈਦਾਨ ਤੇ ਖੇਤ ਹੁੰਦੇ ਸਨ। ਇੱਕ ਵਾਰ ਕਿਸੇ ਅਖ਼ਬਾਰ 'ਚ ਨਿਕਲਿਆ ਸੀ ਕਿ ਮੁੰਬਈ 'ਚ ਨਵੇਂ ਚਿਹਰੇ ਚਾਹੀਦੇ ਹਨ। ਸ਼ੁਰੂ ਤੋਂ ਸ਼ੌਕ ਸੀ ਇਸ ਪਾਸੇ ਆਉਣ ਦਾ। ਮਾਂ ਨੇ ਕਹਿਣਾ ਕਿ ਬਾਪੂ ਗੁੱਸੇ ਹੋਵੇਗਾ ਪਰ ਜੇ ਮਨ ਕਰਦੈ ਤਾਂ ਅਰਜੀ ਲਿਖ ਦੇ। ਸੋ ਅਖ਼ਬਾਰ ਦਾ ਸਬੱਬ ਬਣਿਆਂ, ਫੋਟੋ ਖਿਚਾਈ ਤੇ ਭੇਜ ਦਿੱਤੀ। ਸ਼ਾਇਦ ਅਰਜ਼ੀ ਲਿਖਣ ਵੇਲੇ ਧਰਮਿੰਦਰ ਸਿੰਘ ਲਿਖਿਆ ਵੀ ਕੰਮ ਆਇਆ ਹੋਵੇ ਕਿ ਸਿੰਘ ਐ ਤਾਂ ਪੰਜਾਬੀ ਬੋਲੀ ਵੀ ਕੰਮ ਆਵੇਗੀ। ਖੈਰ ਮਾਂ ਤੇ ਮੈਂ ਦੋਹਾਂ ਨੇ ਥੋੜ੍ਹੇ ਥੋੜ੍ਹੇ ਪੈਸੇ ਜੋੜਨੇ ਸ਼ੁਰੂ ਕੀਤੇ ਕਿ ਬੰਬਈ ਔਖੇ ਵੇਲੇ ਕੰਮ ਆਉਣਗੇ। ਸਾਲ ਡੇਢ ਸਾਲ ਜੱਦੋਜਹਿਦ ਕਰਨੀ ਪਈ ਪਰ ਫੇਰ ਪਿੱਛੇ ਮੁੜ ਕੇ ਨਹੀਂ ਵੇਖਿਆ। ਚਾਲੀ ਸਾਲ ਇੰਜ ਲੰਘ ਗਏ ਜਿਵੇਂ ਅਜੇ ਕੱਲ੍ਹ ਦੀ ਗੱਲ ਹੋਵੇ"।

ਮੈਂ ਕਿਹਾ, " ਧਰਮਿੰਦਰ ਨਾਂ, ਫਿਲਮ ਵਾਲਿਆਂ ਬਦਲਣ ਦੀ ਗੱਲ ਨਹੀਂ ਕੀਤੀ?" ਜਵਾਬ ਸੀ, " ਜ਼ੋਰ ਤਾਂ ਲਾਉਂਦੇ

ਰਹੇ ਪਰ ਮੈਂ ਕਿਹਾ ਕਿ ਇਹ ਨਾਂ ਮੇਰੀ ਮਾਂ ਨੇ ਦਿੱਤਾ ਹੈ, ਬਦਲਣਾ ਨਹੀਂ"। ਮੈਂ ਕਿਹਾ, "ਕਦੀ ਪਿੰਡ ਜਦੋਂ ਜਾਂਦੇ ਓ ਉਨ੍ਹਾਂ ਲੋਕਾਂ ਨਾਲ ਮਿਲਣਾ ਕਿਹੋ ਜਿਹਾ ਲਗਦੈ ਜੋ ਐਕਟਰ ਬਣਨ ਤੋਂ ਪਹਿਲਾਂ ਤੁਹਾਡੇ ਅੰਗ ਸੰਗ ਸਨ"। ਜਵਾਬ ਸੀ, "ਘੱਟ ਜਾਇਆ ਜਾਂਦਾ ਪਰ ਲਗਦਾ ਬਹੁਤ ਚੰਗਾ"। ਇੱਕੋ ਸਾਹੇ ਉਹ ਲਲਤੋਂ (ਜ਼ਿਲ੍ਹਾ ਲੁਧਿਆਣਾ), ਧਾਂਦਰਾ (ਨਾਨਕਾ ਪਿੰਡ ਜ਼ਿਲ੍ਹਾ ਲੁਧਿਆਣਾ) ਅਤੇ ਸਾਹਨੇਵਾਲ ਦੇ ਨਾਂ ਲੈ ਗਏ। ਉਨ੍ਹਾਂ ਕਿਹਾ," ਲਲਤੋਂ ਗਏ ਤਾਂ ਪਿੰਡ ਦੀਆਂ ਬੁੜ੍ਹੀਆ ਵਲੋਂ ਘਰ ਘਰ ਗਿਆਂ ਨੂੰ ਪਿਲਾਇਆ ਦੁੱਧ ਤੇ ਦਰਸਾਇਆ ਪਿਆਰ ਆਪਣੇਪਣ ਦਾ ਅਹਿਸਾਸ ਕਰਾਉਂਦਾ ਸੀ। ਧਾਂਦਰਾ ਪਿੰਡ ਦਾ ਨਾਂ ਵਾਰ ਵਾਰ ਲੈ ਕੇ ਜਿਵੇਂ ਉਸ ਪਿੰਡ ਨਾਲ ਅੰਦਰਲਾ ਛੁਪਿਆ ਮੋਹ ਉਜਾਗਰ ਕਰ ਰਹੇ ਸਨ। ਉਹ ਲਕੋਇਆ ਨਹੀਂ ਛੁਪ ਰਿਹਾ ਸੀ। ਕਹਿਣ ਲੱਗੇ, ਇੱਕ ਵਾਰ ਘਰਦਿਆਂ ਦੇ ਦੱਸਣ 'ਤੇ ਮਾਛੀਵਾੜੇ ਆਪਣੇ ਪੁਰਾਣੇ ਮਾਸਟਰ ਸੰਪੂਰਨ ਸਿੰਘ ਜਿਨ੍ਹਾਂ ਕੋਲ ਕਦੀ ਪੜ੍ਹਿਆ, ਮਿਲਣ ਗਿਆ, ਬਹੁਤ ਚੰਗਾ ਲੱਗਿਆ"। ਮਾਛੀਵਾੜੇ ਦਾ ਨਾਂ ਸੁਣ ਮੈਂ ਵਿੱਚੋਂ ਸੁਖਜੀਤ, ਦਲਜੀਤ ਤੇ ਮਨਜੀਤ ਵੱਲ ਇਸ਼ਾਰਾ ਕਰਦਿਆਂ ਕਿਹਾ, " ਇਹ ਤਿੰਨੇ ਭੈਣਾਂ ਵੀ ਤੁਹਾਡੇ ਪਿੰਡ ਸਾਹਨੇਵਾਲ ਦੇ ਲਾਗਲੇ ਕਸਬੇ ਸਮਰਾਲੇ ਦੇ ਕਾਮਰੇਡ ਜਗਜੀਤ ਸਿੰਘ ਬਾਗੀ ਦੀਆਂ ਕੁੜੀਆਂ ਹਨ। ਕਹਿਣ ਲੱਗੇ, " ਸ਼ਾਇਦ ਮੈਂ ਸੁਣਿਆਂ ਹੈ ਇਹ ਨਾਂ"।

" ਧਰਮਿੰਦਰ ਜੀ ਕੀ ਤੁਹਾਨੂੰ ਆਪਣੇ ਲੜਕਿਆਂ ਦੀ ਐਕਟਿੰਗ ਵਿੱਚ ਕੁੱਝ ਆਪਣੇ ਵਰਗੀ ਅਦਾਕਾਰੀ ਦੇ ਚਿਨ੍ਹ ਮਿਲਦੇ ਹਨ? ਮੈਂ ਆਪੂੰ ਹੀ ਕਹਿ ਬੈਠਾ," ਸੰਨੀ ਦੀ ਗਦਰ ਫਿਲਮ ਤੋਂ ਤੁਹਾਡਾ ਮੁਹਾਂਦਰਾ ਮਿਲਦਾ ਹੈ"। ਧਰਮਿੰਦਰ ਦਾ ਜਵਾਬ ਸੀ, "ਮੈਨੂੰ ਤਸੱਲੀ ਹੈ ਕਿ ਉਹ ਠੀਕ ਚੱਲ ਰਹੇ ਹਨ"। ਗੱਲਬਾਤ ਦਾ ਸਿਲਸਿਲਾ ਫਿਰ ਸਾਂਝਾ ਜਿਹਾ ਤੁਰ ਪਿਆ ਤੇ ਪਰਿਵਾਰਕ ਰਿਸ਼ਤਿਆਂ 'ਚ ਸੁਭਾਅ ਦੀ ਮਹੱਤਤਾ ਨੂੰ ਟੁੰਬਦੇ ਦੋ ਕੁ ਸ਼ੇਅਰ ਉਨ੍ਹਾਂ ਸੁਣਾਏ ਜੋ ਮੈਨੂੰ ਇੰਨ ਬਿੰਨ ਯਾਦ ਨਹੀਂ ਹਨ। ਪੰਜਾਬੀਆਂ ਦਾ ਫਿਲਮ ਜਗਤ ਵਿੱਚ ਸਥਾਨ ਚਰਚਾ ਦਾ ਵਿਸ਼ਾ ਬਣਿਆਂ। ਸਾਹਿਰ ਲੁਧਿਆਣਵੀ ਦੀ ਗੱਲ ਚੱਲੀ ਤਾਂ ਉਨ੍ਹਾਂ ਕਿਹਾ," ਉਹ ਬਹੁਤ ਉੱਚੇ ਪੱਧਰ ਦੇ ਸ਼ਾਇਰ ਸਨ। ਉਨ੍ਹਾਂ ਸਾਹਿਰ ਬਾਰੇ ਦੱਸਿਆ ਕਿ ਇੱਕ ਵਾਰ ਉਹ ਉੱਤਰ ਪ੍ਰਦੇਸ਼ ਵਿੱਚ ਇੱਕ ਸਮਾਗਮ ਮੌਕੇ ਆਪਣਾ ਸ਼ੇਅਰ ਸੁਣਾ ਕੇ ਹਟੇ ਤਾਂ ਸਮਾਪਤੀ 'ਤੇ ਕੁੱਝ ਲੋਕਾਂ ਨੇ ਉਨ੍ਹਾਂ ਨੂੰ ਕਿਹਾ, " ਸਾਹਿਰ ਜੀ! ਬਾਕੀ ਸਭ ਤੋ ਠੀਕ ਹੈ ਲੇਕਿਨ ਆਪ ਕੀ ਬੋਲੀ ਕੇ ਅੰਦਾਜ਼ ਮੇਂ ਪੰਜਾਬੀਅਤ ਕਾ ਟੱਚ ਹੈ"। ਮਜ਼ਾਕ ਵਿੱਚ ਹੀ ਸਾਹਿਰ ਜੀ ਨੇ ਕਿਹਾ,"ਮੈਂ ਹੂੰ ਹੀ ਪੰਜਾਬੀ ਤੋ ਯੂਪੀਅਤ ਕਾ ਟੱਚ ਕਹਾਂ ਸੇ ਆਏ। ਮਜ਼ਾਕੀਆ ਲਹਿਜੇ 'ਚ ਗੱਲਾਂ ਤੁਰਦੀਆਂ ਰਹੀਆਂ ਉਹ ਸੁਰੱਈਆ ਦੇ ਗਲ਼ੇ ਦੀ ਤਾਰੀਫ਼ ਕਰੇ ਬਿਨਾਂ ਨਹੀਂ ਰਹੇ। ਗੀਤਾ ਬਾਲੀ, ਮਧੂ ਬਾਲਾ ਤੇ ਕਈ ਹੋਰਨਾਂ ਦੀ ਵੀ ਚਰਚਾ ਹੋਈ।

ਕਾਫੀ ਦੇਰ ਹੋ ਚੁੱਕੀ ਸੀ ਤੇ ਧਰਮਿੰਦਰ ਜੀ ਡਿਨਰ 'ਤੇ ਜਾਣ ਲਈ ਲੇਟ ਹੋ ਰਹੇ ਸਨ। ਸਾਡੇ ਨਾਲ ਗਿਆ ਡਾਕਟਰੀ ਪੜ੍ਹਦਾ ਨੌਜਵਾਨ ਆਪਣੇ ਕੈਮਰੇ ਨਾਲ ਫੋਟੋਆਂ ਖਿੱਚਣ ਦਾ ਸਿਲਸਿਲਾ ਜਾਰੀ ਰੱਖ ਰਿਹਾ ਸੀ। ਮੈਂ ਮਨ ਹੀ ਮਨ ਇਸ ਮਹਾਨ ਕਲਾਕਾਰ ਨੂੰ ਵੇਖ ਤਸਵੀਰ ਘੜ ਰਿਹਾ ਸੀ ਕਿ ਪੰਜਾਬੀ ਵਿਰਾਸਤ ਦੀ ਨਿੱਘੀ ਬੁੱਕਲ ਵਿੱਚ ਐਨਾਂ ਕੁੱਝ ਲੁਕਿਆ ਪਿਆ ਹੈ। ਨਿੱਘਾ ਸੁਭਾਅ, ਸੁੰਦਰ ਸੁਡੌਲ, ਖੁਲ੍ਹਾ ਮੇਲ-ਮਿਲਾਪ, ਜੀਵਨ ਰਵਾਨਗੀ, ਕਲਾ ਸਾਹਿਤ ਨਾਲ ਪਿਆਰ, ਗੁਰੂਆਂ ਪੀਰਾਂ ਪ੍ਰਤੀ ਸ਼ਰਧਾ, ਮਿਹਨਤ, ਖੇਡਣਾ, ਮੌਲਣਾ, ਕੁਦਰਤ ਨਾਲ ਡੂੰਘਾ ਰਿਸ਼ਤਾ, ਮੇਲਿਆਂ, ਖੇਤਾਂ ਦੀ ਭਰਪੂਰ ਜ਼ਿੰਦਗੀ। ਜੇ ਇਹ ਸਭ ਕੁੱਝ ਇੱਕ ਥਾਂ ਵੇਖਣਾ ਹੋਵੇ ਤਾਂ ਉਹ ਸੀ ਇਹ ਮਿਹਨਤੀ ਸਖਸ਼ੀਅਤ-ਧਰਮਿੰਦਰ। ਵਿਦਾਇਗੀ ਲੈਂਦਿਆਂ ਮਨੋ ਦਿਲਾਂ ਦੀ ਸੂਖਮ ਤਾਰ ਹੀ ਛੇੜ ਦਿੱਤੀ। ਜਦੋਂ ਉਨ੍ਹਾਂ ਕਿਹਾ ਕਿ ਕਦੀ ਬੰਬਈ ਆਉਣਾ। ਧੰਨਵਾਦ ਕਰਦਿਆਂ ਮੈਂ ਵੀ ਉਨ੍ਹਾਂ ਨੂੰ ਚੇਤੇ ਕਰਾਇਆ ਕਿ ਜਦੋਂ ਤੁਸੀਂ ਪੰਜਾਬ ਆਓਂ , ਜ਼ਰੂਰ ਆਉਣਾ ਸਾਡੇ ਕੋਲ। ਇਹ ਸੋਚ ਕਿ ਪਹਿਲੀ ਵਾਰ ਮਿਲਿਆਂ ਹਾਂ ਇਨ੍ਹਾਂ ਨੂੰ ਕਿਹੜਾ ਨਾਂ ਯਾਦ ਰਹੇਗਾ। ਦੁਹਰਾਉਂਦਿਆਂ, ਮੈਂ ਦੇਵਿੰਦਰ ਸਿੰਘ ਜਟਾਣਾ ਹਾਂ ਤੇ ਇੱਕ ਦਮ ਜਵਾਬ ਮਿਲਿਆ," ਮੈਂ ਧਰਮਿੰਦਰ ਤੇ ਤੂੰ ਦੇਵਿੰਦਰ, ਨਾ ਮਿਲਦਾ ਜੁਲਦਾ ਐ, ਯਾਦ ਰਹੇਗਾ। ਅਗਲੇ ਪਲ ਸੁਖਜੀਤ, ਦਲਜੀਤ, ਮਨਜੀਤ ਹੁਰਾਂ ਨੂੰ ਛੋਟਿਆਂ ਵਾਂਗ ਬਾਹਾਂ 'ਚ ਲੈ ਪਿਆਰ ਦੇਣਾ, ਸ਼ਾਇਦ ਸਮਰਾਲੇ ਤੇ ਸਾਹਨੇਵਾਲ ਵਿੱਚਲੇ ਰਿਸ਼ਤੇ ਦਾ ਅਹਿਸਾਸ ਕਰਵਾ ਰਿਹਾ ਸੀ।

❊ ❊ ❊ ❊ ❊

ਯੂ.ਪੀ. ਪ੍ਰਾਂਤ ਵਿੱਚ ਮੁਜ਼ੱਫਰਪੁਰ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਟਾਂਡਾ ਦੀ ਵਸਨੀਕ **ਰੀਆ ਸੈਣੀ** ਨੇ ਆਈ.ਏ.ਐਸ ਪ੍ਰੀਖਿਆ, 2024 ਵਿੱਚ 22ਵਾਂ ਰੈਂਕ ਹਾਸਲ ਕਰ ਕੇ ਸੈਣੀ ਬਰਾਦਰੀ ਦਾ ਨਾਮ ਉੱਚਾ ਕੀਤਾ ਹੈ। ਰੀਆ ਦੇ ਪਿਤਾ ਮੁਕੇਸ਼ ਕੁਮਾਰ ਦਿੱਲੀ ਵਿੱਖੇ ਐਮ.ਈ.ਐਸ ਵਿੱਚ ਮੁੱਖ ਇੰਜਨੀਅਰ ਦੇ ਅਹੁਦੇ 'ਤੇ ਤਾਇਨਾਤ ਹਨ ਜਦੋਂਕਿ ਉਸ ਦੀ ਮਾਤਾ ਪ੍ਰੀਤੀ ਸੈਣੀ ਘਰੇਲੂ ਔਰਤ ਹੈ। ਉਸ ਦਾ ਛੋਟਾ ਭਰਾ ਰਾਸ਼ਟਰੀ ਪੱਧਰ ਦਾ ਲਾਅਨ ਟੈਨਿਸ ਖਿਡਾਰੀ ਹੈ। ਉਸ ਦਾ ਪਿਤਾ 1983 ਵਿੱਚ ਇੰਟਰ ਪ੍ਰੀਖਿਆ ਵਿੱਚ ਜ਼ਿਲ੍ਹੇ ਵਿੱਚ ਪਹਿਲੇ ਨੰਬਰ 'ਤੇ ਆਇਆ ਸੀ ਜਿਸ ਤੋਂ ਉਸ ਦੀ ਬੇਟੀ ਰੀਆ ਨੇ ਪ੍ਰੇਰਨਾ ਲਈ। ਉਹ ਇੰਜਨੀਰਿੰਗ ਗ੍ਰੈਜੂਏਟ ਹੈ। ਇਸ ਤੋਂ ਪਹਿਲਾਂ ਆਪਣੀ ਪਹਿਲੀ ਕੋਸ਼ਿਸ਼ ਵਿੱਚ ਉਹ ਭਾਰਤੀ ਰੇਲਵੇ ਵਿਭਾਗ ਲਈ ਚੁਣੀ ਗਈ ਸੀ ਅਤੇ ਉਹ ਲਖਨਊ ਵਿੱਚ ਨੌਕਰੀ ਕਰਦੀ ਸੀ। ਪਰ ਉਸ ਦਾ ਸੁਫਨਾ ਆਈ.ਏ.ਐਸ ਬਣਨ ਦਾ ਸੀ ਜੋ ਉਸ ਨੇ ਸਖ਼ਤ ਮਿਹਨਤ ਅਤੇ ਪਰਿਵਾਰ ਦੇ ਸਹਿਯੋਗ ਨਾਲ ਸਾਕਾਰ ਕੀਤਾ ਹੈ। ਰਿਆ ਸੈਣੀ ਦੀ ਕਾਮਯਾਬੀ ਸਾਡੀਆਂ ਧੀਆਂ ਲਈ ਪ੍ਰੇਰਨਾਦਾਇਕ ਹੈ।



ਮਨੁੱਖਤਾ ਦੇ ਰਾਹਦਸੇਰੇ

# ਸਾਲ 2025 ਦੇ ਨੋਬਲ ਇਨਾਮ ਜੇਤੂ

ਬਲਬੀਰ ਸਿੰਘ ਸੈਣੀ
ਸੈਣੀ ਭਵਨ ਰੂਪਨਗਰ



ਨੋਬਲ ਇਨਾਮ ਵਿਸ਼ਵਪੱਧਰੀ ਵਕਾਰੀ ਸਨਮਾਨ ਚਿਨ੍ਹ ਹਨ ਜੋ ਹਰ ਸਾਲ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਚਕਿਤਸਾ ਵਿਗਿਆਨ, ਅਰਥ ਸ਼ਾਸਤਰ, ਸਾਹਿਤ ਅਤੇ ਵਿਸ਼ਵ ਸ਼ਾਤੀ ਦੇ ਖੇਤਰਾਂ ਵਿੱਚ ਮਨੁੱਖਤਾ ਦੀ ਭਲਾਈ ਲਈ ਵਰਣਨਯੋਗ ਕਾਰਜ ਕਰਨ ਵਾਲੇ ਪ੍ਰਤਿਭਾਸ਼ਾਲੀ ਵਿਅਕਤੀਆਂ/ਸੰਸਥਾਵਾਂ ਨੂੰ ਦਿੱਤੇ ਜਾਂਦੇ ਹਨ। ਇਹ ਇਨਾਮ 1895 ਵਿੱਚ ਸਵੀਡਨ ਦੇਸ਼ ਦੇ ਉੱਘੇ ਕਾਰੋਬਾਰੀ ਅਤੇ ਵਿਗਿਆਨੀ ਅਲਫਰਡ ਨੋਬਲ ਦੀ ਵਸੀਅਤ ਅਨੁਸਾਰ ਉਸ ਦੀ ਜਾਇਦਾਦ ਦੇ ਪੈਸਿਆਂ ਨਾਲ ਦਿੱਤੇ ਜਾਂਦੇ ਹਨ। ਪੰਜ ਇਨਾਮ 1901 ਤੋਂ ਜਦੋਂਕਿ ਅਰਥ ਸ਼ਾਸਤਰ ਵਿੱਚ ਇਨਾਮ 1969 ਤੋਂ ਦਿੱਤਾ ਜਾ ਰਿਹਾ ਹੈ। ਸਾਲ 2024 ਤੱਕ 633 ਇਨਾਮ 989 ਵਿਅਕਤੀਆਂ ਨੂੰ ਦਿੱਤੇ ਜਾ ਚੁੱਕੇ ਹਨ। ਸਾਲ 2025 ਵਿੱਚ 14 ਵਿਅਕਤੀਆਂ ਨੂੰ ਇਨ੍ਹਾਂ ਇਨਾਮਾਂ ਲਈ ਚੁਣਿਆਂ ਗਿਆ ਹੈ। ਇਨ੍ਹਾਂ ਲਾਭਪਾਤਰੀਆਂ ਦੀ ਚੋਣ ਸਵੀਡਨ ਦੀ ਰਾਇਲ ਅਕੈਡਮੀ ਵਲੋਂ ਗਠਿਤ ਪੰਜ ਮੈਂਬਰੀ ਮਾਹਿਰਾਂ ਦੀ ਕਮੇਟੀ ਦੁਆਰਾ ਕੀਤੀ ਜਾਂਦੀ ਹੈ। ਇੱਕ ਇਨਾਮ ਵਿੱਚ 11 ਮਿਲੀਅਨ ਸਵੀਡਿਸ਼ ਕਰੋਨੋਰ (10 ਲੱਖ, 35 ਹਜ਼ਾਰ ਅਮੈਰੀਕਨ ਡਾਲਰ), ਸੋਨੇ ਦਾ ਤਮਗਾ ਅਤੇ ਡਿਪਲੋਮਾ ਸ਼ਾਮਲ ਹਨ। ਇਹ ਇਨਾਮ ਹਰ ਸਾਲ 10 ਦਸੰਬਰ ਨੂੰ ਅਲਫਰਡ ਨੋਬਲ ਦੀ ਬਰਸੀ ਮੌਕੇ ਨਾਰਵੇ ਦੀ ਰਾਜਧਾਨੀ ਓਸਲੋ ਵਿਖੇ ਪ੍ਰਦਾਨ ਕੀਤੇ ਜਾਂਦੇ ਹਨ। ਇਨ੍ਹਾਂ ਕਰਮਯੋਗੀਆਂ ਦਾ ਵੇਰਵਾ ਇਸ ਪ੍ਰਕਾਰ ਹੈ-





**ਭੌਤਿਕ ਵਿਗਿਆਨ**-ਇਸ ਇਨਾਮ ਲਈ ਤਿੰਨ ਅਮਰੀਕੀ ਭੌਤਿਕ ਵਿਗਿਆਨੀਆਂ- ਯੂਨੀਵਰਸਿਟੀ ਆਫ ਕੈਲੇਫੋਰਨੀਆਂ, ਬਰਕਲੇ ਦੇ ਪ੍ਰੋ.ਜੌਨ ਕਲਾਰਕ, ਯੈਲ ਯੂਨੀਵਰਸਿਟੀ ਨਿਊ ਹੇਵਲ ਦੇ ਮਾਈਕਲ ਐਚ.ਡੇਵੋਰਟ ਅਤੇ ਯੂਨੀਵਰਸਿਟੀ ਆਫ ਕੈਲੇਫੋਰਨੀਆਂ,ਸ਼ਾਂਤਾ ਬਾਰਬਰਾ ਦੇ ਪ੍ਰੋ. ਜੌਨ ਐਮ.ਮਾਰਟੀਨਜ਼ ਨੂੰ ਚੁਣਿਆਂ ਗਿਆ ਹੈ। ਇਨ੍ਹਾਂ ਨੇ ਮੈਕਰੋਸਕੋਪਿਕ ਕੁਅੰਟਮ ਮਕੈਨੀਕਲ ਟਨਲਿੰਗ ਅਤੇ ਇਲੈਕਟ੍ਰਿਕ ਸਰਕਟ ਵਿੱਚ ਐਨਰਜੀ ਕੁਅੰਟਾਈਜ਼ੇਸ਼ਨ ਖੇਤਰ ਵਿੱਚ ਸ਼ਲਾਘਾਯੋਗ ਕੰਮ ਕੀਤਾ ਹੈ। ਇਹ ਖੋਜਾਂ ਕੁਅੰਟਮ ਕੰਪਿਊਟਰਾਂ ਅਤੇ ਕੁਅੰਟਮ ਸੈਂਸਰਾਂ ਦੀ ਤਕਨੀਕ ਨੂੰ ਅੱਗੇ ਵਧਾਉਣ ਵਿੱਚ ਸਹਾਈ ਹੋਣਗੀਆਂ।



**ਰਸਾਇਣ ਵਿਗਿਆਨ**-ਤਿੰਨ ਰਸਾਇਣ ਵਿਗਿਆਨੀਆਂ-ਅਸਟ੍ਰੇਲੀਆ ਦੀ ਮੈਲਬਰਨ ਯੂਨੀਵਰਸਿਟੀ ਦੇ 88 ਸਾਲਾ ਰਿਚਰਡ ਰੌਬਨਸਨ, ਜਾਪਾਨ ਦੀ ਕਿਓਟੋ ਯੂਨੀਵਰਸਿਟੀ ਦੇ 74 ਸਾਲਾ ਸੁਸੁਮੂ ਕਿਤਾਗਾਵਾ ਅਤੇ ਕੈਲੇਫੋਰਨੀਆਂ ਯੂਨੀਵਰਸਿਟੀ ਬਰਕਲੇ ਦੇ 60 ਸਾਲਾ ਪ੍ਰੋ.ਉਮਰ ਐਮ ਯਾਗ਼ੀ ਨੂੰ ਇਹ ਪੁਰਸਕਾਰ ਦੇਣ ਲਈ ਚੁਣਿਆਂ ਗਿਆ ਹੈ। ਉਨ੍ਹਾਂ ਨੇ ਧਾਤ-ਆਰਗਾਨਿਕ ਅਣੂ ਆਧਾਰਿਤ ਢਾਂਚਾ (mof) ਬਣਾਉਣ ਦੇ ਢੰਗ ਈਜਾਦ ਕੀਤੇ ਹਨ ਜਿਨ੍ਹਾਂ ਰਾਹੀਂ ਗੈਸਾਂ ਤੇ ਹੋਰ ਰਸਾਇਣ ਲੰਘ ਸਕਦੇ ਹਨ। ਇਸ ਦੀ ਵਰਤੋਂ ਗੈਸ ਕੈਪਚਰ, ਕੈਟਾਲਾਇਸਸ ਅਤੇ ਊਰਜਾ ਸਟੋਰੇਜ ਜਿਹੇ ਕਾਰਜਾਂ ਲਈ ਕੀਤੀ ਜਾ ਸਕਦੀ ਹੈ।



**ਚਕਿਤਸਾ ਵਿਗਿਆਨ**-ਪੈਰੀਫੈਰਲ ਇਮਿਊਨ ਟੌਲਰੈਂਸ ਨਾਲ ਸਬੰਧਿਤ ਖੋਜਾਂ ਲਈ ਤਿੰਨ ਵਿਗਿਆਨੀਆਂ-ਅਮਰੀਕਾ ਦੀ ਮੈਰੀ ਈ.ਬਰੁਨਕੋਅ ਤੇ ਫਰੈਡ ਰੈਮਸਡੈਲ ਅਤੇ ਜਾਪਾਨ ਦੇ ਸ਼ਿਮੋਨ ਸਾਕਾਗੂਚੀ ਨੂੰ ਚਕਿਤਸਾ ਨੋਬਲ ਇਨਾਮ ਲਈ ਨਾਮਜ਼ਦ ਕੀਤਾ ਗਿਆ ਹੈ। ਇਹ ਅਜਿਹਾ ਡਾਕਟਰੀ ਤਰੀਕਾ ਹੈ ਜਿਸ ਨਾਲ ਸਰੀਰ ਦੀਆਂ ਬਿਮਾਰੀਆਂ ਨਾਲ ਲੜਨ ਵਾਲੀ ਪ੍ਰਣਾਲੀ ਨੂੰ ਬੇਕਾਬੂ ਹੋਣ ਅਤੇ ਬਾਹਰੀ ਹਮਲਿਆਂ ਦੀ ਬਜਾਏ ਆਪਣੇ ਹੀ ਟਿਸ਼ੂਆਂ 'ਤੇ ਹਮਲਾ ਕਰਨ ਤੋਂ ਰੋਕਣ ਵਿੱਚ ਮਦਦ ਮਿਲਦੀ ਹੈ। ਇਸ ਨਾਲ ਕੈਂਸਰ ਜਿਹੀਆਂ ਨਾਮੁਰਾਦ ਬਿਮਾਰੀਆਂ ਦਾ ਇਲਾਜ ਸੰਭਵ ਹੋ

ਸਕੇਗਾ।



**ਅਰਥ ਸ਼ਾਸਤਰ–** ਆਰਥਿਕ ਵਿਕਾਸ ਦੀ ਵਿਆਖਿਆ ਲਈ ਲੰਡਨ ਸਕੂਲ ਆਫ ਇਕਨਾਮਿਕਸ ਦੇ ਫਿਲਿਪ ਏਗੀਆਨ, ਨਾਰਥਵੈਸਟਰਨ ਯੂਨੀਵਰਸਿਟੀ ਦੇ ਜੋਇਲ ਮੋਕਿਰ ਅਤੇ ਬ੍ਰਾਊਨ ਯੂਨੀਵਰਸਿਟੀ ਦੇ ਪੀਟਰ ਹਾਵਿਟ ਨੂੰ ਨੋਬਲ ਇਨਾਮ ਦੇਣ ਲਈ ਚੁਣਿਆਂ ਗਿਆ ਹੈ। ਪੁਰਸਕਾਰ ਜੇਤੂਆਂ ਦਾ ਕੰਮ ਸਿੱਧ ਕਰਦਾ ਹੈ ਕਿ ਆਰਥਿਕ ਵਿਕਾਸ ਨੂੰ ਹਲਕੇ 'ਚ ਨਹੀਂ ਲਿਆ ਜਾ ਸਕਦਾ। ਸਾਨੂੰ ਰਚਨਾਤਮਿਕ ਤਬਾਹੀ ਦੇ ਮੂਲ ਸਿਧਾਂਤ ਨੂੰ ਬਣਾਏ ਰੱਖਣਾ ਹੋਵੇਗਾ ਤਾਂ ਜੋ ਅਸੀਂ ਮੁੜ ਤੋਂ ਖੜੋਤ 'ਚ ਨਾ ਫਸੀਏ। ਇਨਾਮ ਦੀ ਅੱਧੀ ਰਾਸ਼ੀ ਜੋਇਲ ਮੋਕਿਰ ਨੂੰ ਅਤੇ ਬਾਕੀ ਦੀ ਅੱਧੀ ਰਾਸ਼ੀ ਦੂਜੇ ਦੋਵੇਂ ਜੇਤੂਆਂ ਵਿਚਕਾਰ ਬਰਾਬਰ ਵੰਡੀ ਜਾਏਗੀ।



ਮੋਕਿਰ ਨੇ ਵਿਕਾਸ ਲਈ ਸਿਖਲਾਈ ਪ੍ਰਾਪਤ ਕਾਮਿਆਂ ਅਤੇ ਇੰਜਨੀਅਰਾਂ ਦੀ ਲੋੜ 'ਤੇ ਜ਼ੋਰ ਦਿੱਤਾ ਹੈ ਜਦੋਂਕਿ ਦੂਜੇ ਦੋਵਾਂ ਅਰਥ ਸ਼ਾਸਤਰੀਆਂ ਨੇ ਸਿੱਧ ਕੀਤਾ ਹੈ ਕਿ ਸਰਮਾਏਦਾਰੀ ਪ੍ਰਬੰਧ ਨਵੀ ਟੈਕਨਾਲੋਜੀ ਦੀ ਵਰਤੋਂ ਕਰ ਕੇ ਪੁਰਾਣੇ ਢੰਗਾਂ ਨੂੰ ਬੇਅਰਥ ਬਣਾ ਦਿੰਦਾ ਹੈ।

**ਵਿਸ਼ਵ ਸ਼ਾਂਤੀ–** ਵੈਨਜ਼ੁਏਲਾ 'ਚ ਵਿਰੋਧੀ ਧਿਰ ਦੀ ਆਗੂ ਮਾਰੀਆ ਕੋਰੀਨਾ ਮਸ਼ਾਡੋ ਨੂੰ ਸਾਲ 2025 ਦੇ ਸ਼ਾਤੀ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਆਇਰਨ ਲੇਡੀ ਵਜੋਂ ਜਾਣੀ ਜਾਂਦੀ ਮਸ਼ਾਡੋ ਨੂੰ ਇਹ ਵੱਕਾਰੀ ਸਨਮਾਨ ਵੈਨਜ਼ੁਏਲਾ ਦੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਉਤਸਾਹਿਤ ਕਰਨ ਵਿੱਚ ਉਨ੍ਹਾਂ ਦੇ ਅਣਥੱਕ ਯਤਨਾਂ ਅਤੇ ਤਾਨਾਸ਼ਾਹੀ ਤੋਂ ਲੋਕਤੰਤਰ ਵਿੱਚ ਸ਼ਾਤੀਪੂਰਨ ਤਬਦੀਲੀ ਦੇ ਸੰਘਰਸ਼ ਲਈ ਦਿੱਤਾ ਗਿਆ ਹੈ।



**ਸਾਹਿਤ–** ਸਾਲ 2025 ਲਈ ਸਾਹਿਤ ਦਾ ਨੋਬਲ ਪੁਰਸਕਾਰ ਹੰਗਰੀ ਦੇ ਲੇਖਕ ਲਾਸਜ਼ਲੋ ਕ੍ਰਾਸਜ਼ਨਾਹੋਰਕਈ ਨੂੰ ਉਨ੍ਹਾਂ ਦੀ ' ਦਿਲਚਸਪ ਅਤੇ ਦੂਰਦਰਸ਼ੀ ਰਚਨਾ' ਲਈ ਪ੍ਰਦਾਨ ਕੀਤਾ ਗਿਆ ਹੈ। ਇਹ ਲੇਖਕ ਆਪਣੇ ਨਾਵਲਾਂ ਵਿੱਚ ਕਈ ਕਈ ਸਫਿਆ ਵਿੱਚ ਫੈਲੇ ਲੰਬੇ ਵਾਕਾਂ, ਨਿਰਾਸ਼ਾ ਤੇ ਵਿਅੰਗਮਈ ਸ਼ੈਲੀ ਅਤੇ ਉਲਝਣਾ ਦੇ ਡੂੰਘੇ ਅਰਥਾਂ ਲਈ ਜਾਣਿਆਂ ਜਾਂਦਾ ਹੈ।

❊ ❊ ❊ ❊ ❊

## ਵਿਸ਼ਵ ਗਿਆਨ

### ਚੋਣਵੇਂ ਦੇਸ਼ਾਂ ਦਾ ਖੇਤਰਫਲ ਬਨਾਮ ਆਬਾਦੀ

| | ਦੇਸ਼ | ਖੇਤਰਫਲ (ਵਰਗ ਕਿਲੋਮੀਟਰ) | ਆਬਾਦੀ (ਲਗਭੱਗ) |
|---|---|---|---|
| **1.** | **ਰੂਸ** | **1,70,98,242** | **14,39,98,000** |
| **2.** | **ਕੈਨੇਡਾ** | **0,99,84,670** | **04,10,12,000** |
| **3.** | **ਚੀਨ** | **0,97,06,961** | **141,60,96,000** |
| 4. | ਯੂ.ਐਸ.ਏ. | 0, 93, 72, 610 | 34,73,76,000 |
| 5. | ਬ੍ਰਾਜ਼ੀਲ | 0, 85, 15, 767 | 21,28,13,000 |
| **6.** | **ਅਸਟ੍ਰੇਲੀਆ** | **0,76,92,024** | **02,79,58,000** |
| **7.** | **ਭਾਰਤ** | **0,32,87,590** | **146,38,66,000** |
| 8. | ਅਰਜਨਟੀਨਾ | 0,27,80,400 | 04,58,52,000 |
| 9. | ਕਜ਼ਾਖਸਤਾਨ | 0,27,24,900 | 19,82,8,000 |
| 10. | ਅਲਜੀਰੀਆ | 0,23,81,741 | 04,74,35,000 |
| 11. | ਕਾਂਗੋ | 0,23,44,588 | 11,28,33,000 |
| **12.** | **ਗ੍ਰੀਨ ਲੈਂਡ** | **0,21,66,086** | **00,00,56,000** |
| 13. | ਸਾਊਦੀ ਅਰਬ | 0,21,49,690 | 34,56,7,000 |
| **14.** | **ਮੈਕਸੀਕੋ** | **0,19,64,375** | **131,94,7,000** |
| 15. | ਇੰਡੋਨੇਸ਼ੀਆ | 0, 19, 04, 569 | 28,57,22,000 |
| 16. | ਇਰਾਨ | 0, 16, 48, 195 | 09,24,17,000 |
| **17.** | **ਪਾਕਿਸਤਾਨ** | **0,8,81,912** | **25,52,20,000** |
| 18. | ਜਾਪਾਨ | 0,3,77,930 | 12,31,4,000 |
| 19. | ਜਰਮਨੀ | 0, 3, 57, 114 | 08,40,75,000 |
| 20. | ਬੰਗਲਾ ਦੇਸ਼ | 0, 1, 47, 570 | 17,56,87,000 |

❊ ❊ ❊ ❊ ❊

## ਅਪੀਲ

**ਸੈਣੀ ਭਵਨ ਵਿੱਚ ਚਲਦੇ ਕਿੱਤਾ ਸਿਖਲਾਈ ਕੇਂਦਰ:–**

- ਸਿਲਾਈ ਕਢਾਈ ਸੈਂਟਰ
- ਬਿਊਟੀਸ਼ਨ ਆਰਟ ਸੈਂਟਰ
- ਫੈਸ਼ਨ ਡਿਜ਼ਾਇਨਿੰਗ ਸੈਂਟਰ
- ਕੰਪਿਊਟਰ ਸਿਖਲਾਈ ਸੈਂਟਰ

ਵਿੱਚ ਦਾਖ਼ਲਾ ਲਓ।

- **ਮੈਗਜ਼ੀਨ ਸੈਣੀ ਸੰਸਾਰ ਦੇ ਪਾਠਕ ਬਣੋ।**
- **ਸੈਣੀ ਭਵਨ ਦੇ ਅਜੀਵਨ ਮੈਂਬਰ ਬਣੋ।**
- **ਸੈਣੀ ਭਵਨ ਦੀਆਂ ਸਰਗਰਮੀਆਂ ਵਿੱਚ ਭਾਗ ਲਓ।**

ਕਹਾਣੀ

# ਹੁਣ ਇਹ ਸੁਧਰ ਗਿਆ

ਡਾ. ਜਸਵੰਤ ਕੌਰ
ਸੈਣੀ ਭਵਨ ਰੂਪਨਗਰ



"ਤਾਈ! ਮੈਂ ਤਾਂ ਆਪੇ ਹੀ ਆਪਣੇ ਪੈਰ ਕੁਹਾੜਾ ਮਾਰਿਆ। ਜੇ ਮੈਂ ਥੁਆਡੀ ਮੰਨ ਲੈਂਦਾ ਤਾਂ ਮੈਨੂੰ ਆਹ ਦਿਨ ਨਾ ਦੇਖਣੇ ਪੈਂਦੇ। ਮੈਨੂੰ ਕੀ ਪਤਾ ਸੀ ਐਦਾਂ ਦੀ ਕਨਸਲ ਨਿਕਲਣਾ ਇਹਨੇ"। ਜੈਲਾ ਬੇਬੇ ਅੰਬੇ ਕੋਲ ਬੈਠਾ ਜਾਰੋ ਜਾਰ ਰੋ ਰਿਹਾ ਸੀ।

ਦੋਹਾਂ ਨੂੰ ਗੱਲਾਂ ਕਰਦਿਆਂ ਦੇਖ ਗੁਰਮੀਤੋ ਜੋ ਨਿਆਈਂ ਵਿੱਚ ਕੂੜਾ ਸੁਟਣ ਆਈ ਸੀ, ਖੜ੍ਹ ਗਈ। ਬੇਬੇ ਵੱਲ ਦੇਖਕੇ ਖਚਰੀ ਹਾਸੀ ਹੱਸਦਿਆਂ ਬੋਲੀ, "ਬੇਹ ਜੈਲਿਆ! ਦਾਦਣਿਆਂ ਤੈਨੂੰ ਕੀ ਹੋਇਆ, ਨਵਾਂ ਵਿਆਹ ਕਰਾ ਕੇ ਵੀ ਤੂੰ ਰੋਣਾ। ਬੇਹ ਤੇਰੇ ਕਰਮਾਂ 'ਚ ਮੁੱਢੋਂ ਈ ਰੋਣਾ ਲਿਖਿਆ?"

ਬੇਬੇ ਨੇ ਗੁਰਮੀਤੋ ਨੂੰ ਮਿੱਠੀ ਝਿੜਕਣੀ ਦਿੰਦਿਆਂ ਆਖਿਆ, "ਜਾਹ ਨੀ ਗੁਰਮੀਤੋ! ਆਪਣਾ ਕੰਮ ਕਰ। ਸਾਨੂੰ ਮਾਂ ਪੁੱਤ ਨੂੰ ਦੁੱਖ ਸੁੱਖ ਫੋਲ ਲੈਣ ਦੇ"।

ਬੇਬੇ ਜੈਲੇ ਨੂੰ ਸਮਝਾਉਣ ਲੱਗੀ, "ਕਾਕਾ! ਕਾਹਨੂੰ ਆਪਣਾ ਖੂਨ ਜਾਲਦਾਂ। ਜੇ ਉਹ ਤੈਨੂੰ ਕੁੱਝ ਸਮਝੇ ਜਾਂ ਉਹਨੂੰ ਮਾੜੀ ਮੋਟੀ ਸ਼ਰਮ ਹਿਆ ਹੋਵੇ ਤਾਂ ਤੇਰੀ ਗੱਲ ਦਾ ਕੋਈ ਅਸਰ ਕਰੇ। ਅਸੀਂ ਤਾਂ ਡਰਦੇ ਉਦੋਂਈ ਨੀ ਬੋਲੇ ਪਈ ਤੇਰੇ ਬਣਦੇ ਕੰਮ 'ਚ ਲੱਤ ਕਾਹਨੂੰ ਅੜਾਉਣੀ ਆ, ਨਹੀਂ ਤਾਂ ਇਨ੍ਹਾਂ ਦੇ ਖਲਣੇ ਨੂੰ ਕੌਣ ਨੀਂ ਜਾਣਦਾ। ਅਲਾਕੇ 'ਚ ਕੋਈ ਭੁਲਿਆ......."?

ਜੈਲਾ ਰੋਂਦਿਆਂ ਰੋਂਦਿਆਂ ਬੋਲਿਆ, "ਤਾਈ! ਜੇ ਮੈਂ ਆਪੇ ਹੀ ਹੱਥ ਫੂਕਣੇ ਸੀ ਤਾਂ ਦੁਬਾਰਾ ਕਾਹਨੂੰ ਵਿਆਹ ਕਰਵਾਉਣਾ ਸੀ? ਮੇਰੀ ਤਾਂ ਕਿਸਮਤ ਹੀ ਮਾੜੀ ਆ..... ਨਹੀਂ ਤੇ ਗੁਰਦੇਬੋ ਕਾਹਨੂੰ ਜਾਂਦੀ ਮੈਨੂੰ ਛੱਡ ਕੇ"।

ਜੈਲੇ ਦੀ ਪਹਿਲੀ ਤੀਵੀਂ ਗੁਰਦੇਬੋ ਥੋੜ੍ਹੀ ਦੇਰ ਬਿਮਾਰ ਰਹਿ ਕੇ ਮਰ ਗਈ ਸੀ। ਸਰੀਰੋਂ ਬੇਢੱਬੀ ਜਿਹੀ ਸੀ ਗੁਰਦੇਬੋ। ਉਹ ਤਾਂ ਬਹੁਤ ਢੀਠ ਮਿੱਟੀ ਦੀ ਬਣੀ ਹੋਈ ਸੀ। ਉਹ ਨੇ ਮਰਨਾ ਵੀ ਨਹੀਂ ਸੀ, ਜੇ ਉਹ ਦਾ ਮੁੰਡਾ ਛਿੰਦਾ ਅਲੱਥ ਨਾ ਹੁੰਦਾ॥

ਜੈਲਾ ਸੁਨੱਖਾ ਸੀ। ਦੋਨਾਂ ਦਾ ਵਿਆਹ ਅਨਜੋੜ ਸੀ ਪਰ ਜੈਲੇ ਦੇ ਪਰਦੇਸੀਂ ਜਾਣ ਮਗਰੋਂ ਗੁਰਦੇਬੋ ਨੇ ਉਸ ਦਾ ਘਰ ਬੰਨ੍ਹ ਕੇ ਰੱਖਿਆ ਸੀ। ਜੈਲੇ ਦੀ ਕੁੜੀ ਵੀ ਮਾਂ ਦਾ ਦੂਜਾ ਰੂਪ ਸੀ, ਸਿੱਧੀ ਤੇ ਕਮਲੀ ਜਿਹੀ। ਮੁੰਡਾ ਬਾਪ ਵਰਗਾ ਸੁਨੱਖਾ ਸੀ। ਜੈਲਾ ਤਾਂ ਮਸਕਟ ਤੋਂ ਕਈ ਕਈ ਸਾਲਾਂ ਪਿੱਛੋਂ ਆਉਂਦਾ ਸੀ। ਛਿੰਦਾ ਜੁਆਨ ਹੋ ਕੇ ਵਿਗੜ ਗਿਆ। ਪਹਿਲਾਂ ਤਾਂ ਮੰਗ ਕੇ, ਮਾਂ ਜਾਂ ਬੇਬੇ ਕੋਲੋਂ ਪੈਸੇ ਲਿਜਾਂਦਾ ਰਿਹਾ। ਫੇਰ ਲਫੰਡਰਾਂ ਦੀ ਢਾਣੀ ਵਿੱਚ ਰਲ਼ ਕੇ ਨਸ਼ੇ ਤੇ ਚੋਰੀ ਦੀ ਲੱਤ ਵੀ ਲੱਗ ਗਈ। ਜਦੋਂ ਛਿੰਦੇ ਨੇ ਛੋਕਰਵਾਧੇ ਦੇ ਢਾਹੇ ਚੜ੍ਹ ਕੇ ਆਪਣੇ ਦਾਦੇ ਦਾ ਟਰੰਕ ਭੰਨ ਲਿਆ ਤੇ ਦਸ ਹਜ਼ਾਰ ਰੁਪਿਆ ਚੋਰੀ ਕਰ ਲਿਆ ਜੋ ਉਹ ਨੇ ਬੈਂਕ ਦੀ ਕਿਸ਼ਤ ਦੇਣ ਨੂੰ ਰੱਖਿਆ ਹੋਇਆ ਸੀ। ਉਹ ਦੀ ਨਮੋਸ਼ੀ ਨੇ ਗੁਰਦੇਬੋ ਲੈ ਲਈ। ਚੋਰੀ ਦਾ ਭਾਂਡਾ ਤਾਂ ਮੁੰਡਿਆਂ ਨੇ ਭੰਨ ਦਿੱਤਾ। ਇਸ ਨਮੋਸ਼ੀ ਕਾਰਨ ਗੁਰਦੇਬੋ ਬਿਮਾਰ ਰਹਿਣ ਲੱਗ ਪਈ। ਉਹ ਜਿੱਧਰੋਂ ਵੀ ਲੰਘਦੀ, ਤੀਵੀਂਆਂ ਤਾਹਨੇ ਮਾਰਦੀਆਂ,"ਕੁੜੇ ਫਿੱਟੇ ਮੂੰਹ! ਇੱਕ ਘਰ ਤਾਂ ਡੈਣ ਵੀ ਛੱਡ ਦਿੰਦੀ ਆ। ਐਨਾ ਵੀ ਅਲੱਥਪੁਣਾ ਕੀ ਕਹਿ? ਜਿਹੜਾ ਬਾਬਾ ਮੋਢਿਆਂ 'ਤੇ ਚੁੱਕ ਕੇ ਖਿਡਾਉਂਦਾ ਰਿਹਾ ਉਸੇ ਦਾ ਟਰੰਕ ਭੰਨ ਲਿਆ।ਹੈ ਕੋਈ ਸ਼ਰਮ ਹਿਆ"

ਗੁਰਦੇਬੋ ਨੇ ਤਾਹਨਿਆਂ ਦੀ ਮਾਰੀ ਨੇ ਘਰੋਂ ਬਾਹਰ ਨਿਕਲਣਾ ਬੰਦ ਕਰ ਦਿੱਤਾ। ਉਹ ਅੰਦਰ ਹੀ ਅੰਦਰ ਗਮ ਨਾਲ ਮਰਨ ਲੱਗੀ।

ਉਸ ਦੀ ਬਿਮਾਰੀ ਸੁਣ ਕੇ ਜੈਲਾ ਛੁੱਟੀ ਲੈ ਕੇ ਆ ਗਿਆ। ਬਥੇਰੇ ਔਹੜ ਪੌਹੜ ਕੀਤੇ ਪਰ ਗੁਰਦੇਬੋ ਬਚੀ ਨਾਂ। ਭੋਗ ਤੋਂ ਬਾਅਦ ਭੈਣਾ ਨੇ ਕਿਹਾ, "ਬੀਰਾ ਸਬਰ ਕਰ। ਦੋ ਚਾਰ ਸਾਲ ਔਖਾ ਸੌਖਾ ਛੋਟੇ ਭਰਾਵਾਂ ਨਾਲ ਕੱਟ ਲੈ। ਮੁੰਡਾ ਜੁਆਨ ਹੋਇਆ ਸਮਝ। ਉਹਨੂੰ ਵਿਆਹ ਲਈਂ। ਰੋਟੀ ਪੱਕਦੀ ਹੋ ਜਾਊ"।

ਜੈਲੇ ਦੀ ਸੱਸ ਕੁੜੀ ਨੂੰ ਸਿੱਧੀ ਸਮਝ ਨਾਲ ਕੇ ਨਾਲ ਲੈ ਗਈ। ਜੈਲੇ ਨੂੰ ਪੱਕਾ ਕਰ ਗਈ, "ਪੁੱਤਰ! ਫਿਕਰ ਨਾ ਕਰ। ਮੈਂ ਤੇਰੀ ਰੋਟੀ ਰੁਲਣ ਨੀ ਦਿੰਦੀ, ਕੋਈ ਬੰਨ੍ਹ ਸੁੱਥ ਤਾਂ ਕਰਨਾ ਈ ਪਊ......"।

ਵਿੱਚੇ ਵਿੱਚੀ ਕਈ ਰਿਸ਼ਤੇਦਾਰ ਰਿਸ਼ਤਾ ਲਿਆਉਂਦੇ ਵੀ ਸਨ। ਪਰ ਜੈਲੇ ਦੀ ਪੰਜਾਹ ਨੂੰ ਟੱਪ ਚੁੱਕੀ ਉਮਰ, 18 ਸਾਲਾਂ ਦਾ ਜੁਆਨ ਮੁੰਡਾ ਤੇ ਕਮਲੀ ਜਿਹੀ ਕੁੜੀ ਵੱਲ ਦੇਖ ਅਗਲੇ ਚੁੱਪ ਵੱਟ ਜਾਂਦੇ।

ਇੱਕ ਦਿਨ ਗਾਮੇ ਨੇ ਜੈਲੇ ਦੇ ਘਰ ਦਾ ਗੇਟ ਖੁੱਲ੍ਹਾ ਦੇਖ ਕੇ ਆਵਾਜ਼ ਮਾਰੀ, "ਜੈਲਿਆ! ਕਿੱਦਾਂ ਫੇਰ ਕੋਈ ਗੱਲ ਬਣੀ ਕਿ ਨਹੀਂ"?

"ਨਹੀਂ ਯਾਰ ਗਾਮਿਆਂ ਮੈਂ ਤਾਂ ਦੁਖੀ ਹੋ ਗਿਆ। ਘਰ ਸੰਭਾਲਣਾ ਕਿਤੇ ਆਦਮੀਆਂ ਦਾ ਕੰਮ ਇਆ। ਜਦੋਂ ਜਨਾਨੀ ਨਾ ਰਹੇ ਫਿਰ ਉਹ ਦੀ ਕੀਮਤ ਪਤਾ ਲਗਦੀ ਆ। ਜਿਉਂਦੀ ਦੀ ਤਾਂ ਮੈਂ ਵੀ ਘਰਦਿਆਂ ਦੀਆਂ ਗੱਲਾਂ 'ਚ ਆ ਕੇ ਗੁਰਦੇਬੋ ਦੇ ਮੌਰ ਸੇਕਦਾ ਰਿਹਾ। ਪਰ ਹੁਣ......", ਕਹਿ ਕੇ ਉਹ ਨੇ ਅੱਖਾਂ ਭਰ ਲਈਆਂ।

"ਜੈਲੇ ਯਾਰ! ਦਿਲ ਛੋਟਾ ਨਾ ਕਰ। ਦੇਖਦੇ ਆਂ", ਗਾਮੇ ਨੇ ਤਸੱਲੀ ਦਿੱਤੀ।

"ਗਾਮਿਆਂ ਯਾਰ! ਮੈਨੂੰ ਤਾਂ ਛੋਟੀਆਂ ਭਰਜਾਈਆਂ ਦੇ ਘਰ ਰੋਜ਼ ਰੋਜ਼ ਰੋਟੀ ਖਾਣ ਜਾਂਦੇ ਨੂੰ ਸ਼ਰਮ ਆਉਂਦੀ ਆ। ਦੂਜੀ ਗੱਲ ਮੇਰੀ ਛੁੱਟੀ ਬੀ ਮੁੱਕਦੀ ਜਾਂਦੀ ਆ। ਦੇਖ ਲਾ। ਖ਼ਬਰੇ

ਤੇਰੇ ਹੱਥੋਂ ਈ.......''।

" ਲੈ ਬਈ, ਐਤਕੀਂ ਤੇਰੀ ਲਾਟਰੀ ਸੁਹਣੀ ਨਿਕਲੀ ਆ, ਜੈਲਿਆ''।

ਅੰਬੂ ਚਾਚੇ ਦੀ ਹਵੇਲੀ ਵਿੱਚ ਸ਼ਰਾਬ ਉਡ ਰਹੀ ਸੀ। ਜੈਲੇ ਦੇ ਦੂਜੇ ਵਿਆਹ ਦੀ ਖੁਸ਼ੀ ਮਨਾਈ ਜਾ ਰਹੀ ਸੀ।

ਮਸਾਂ ਹੀ ਮਹੀਨਾ ਬੀਤਿਆ ਹੋਵੇਗਾ। ਜੈਲੇ ਦੀ ਪਹਿਲੀ ਸੱਸ ਕੁੜੀ ਨੂੰ ਛੱਡ ਗਈ। ਉਹ ਦੀ ਸਾਂਝ ਇਸ ਘਰ ਨਾਲੋਂ ਸਦਾ ਲਈ ਟੁੱਟ ਗਈ। ਉਹ ਨੇ ਨਵੀਂ ਬਹੂ ਦੀਆਂ ਅੱਖਾਂ ਵਿੱਚੋਂ ਕੁੜੱਤਣ ਦੇਖ ਲਈ ਸੀ।

ਸ਼ਾਮ ਨੂੰ ਤੁਰਨ ਲੱਗੀ ਨੇ ਕਿਹਾ, "ਪੁੱਤ ਜਰਨੈਲ! ਸਾਡੇ ਵੱਲ ਵੀ ਫੇਰਾ ਮਾਰਦਾ ਰਹੀਂ''। ਪਰ ਅਖੀਰਲਾ ਸ਼ਬਦ 'ਰਹੀਂ' ਉਸ ਦੇ ਗਲੇ ਵਿੱਚ ਹੀ ਰੁਕਿਆ ਰਹਿ ਗਿਆ। ਉਹ ਕਾਹਲੀ ਨਾਲ ਬਾਹਰਲਾ ਗੇਟ ਲੰਘ ਗਈ। ਪਹਿਲਾਂ ਦੀ ਤਰ੍ਹਾਂ ਨਾ ਜੈਲਾ ਬਾਹਰ ਤੱਕ ਆਇਆ ਅਤੇ ਨਾ ਉਹਨੂੰ ਅੱਡੇ 'ਤੇ ਬੱਸ ਚੜ੍ਹਾਉਣ ਹੀ ਗਿਆ।

ਨਵੀਂ ਬਹੂ ਤਲਵਿੰਦਰ ਪਹਿਲੇ ਵਿਆਹ ਵਿਚ ਬੰਬਈ ਰਹੀ ਸੀ। ਉੱਥੋਂ ਲੜਾਈ ਝਗੜਾ ਕਰ ਕੇ, ਛੱਡ ਛਡਾ ਕੇ ਮਾਪਿਆਂ ਦੇ ਆ ਬੈਠੀ ਸੀ। ਇੱਥੇ ਜੈਲੇ ਦੇ ਘਰ ਆਉਂਦਿਆਂ ਉਨ੍ਹੇ ਆਪਣੇ ਪਿਛਲੇ 'ਗੁਣ' ਦੁਹਰਾਉਣੇ ਸ਼ੁਰੂ ਕਰ ਦਿੱਤੇ। ਵੇਲੇ ਸਿਰ ਉੱਠਣਾ, ਖਾਣਾ ਬਣਾਉਣਾ, ਬੱਚੇ ਪਾਲਣੇ ਉਹਨੇ ਕਿੱਥੇ ਇਹ ਕੰਮ ਕੀਤੇ ਸਨ।

ਗਾਲੀ ਗਲੋਚ, ਹੂਰੇ ਮੁੱਕੀ, ਲੜਾਈ-ਝਗੜੇ ਉਨ੍ਹਾਂ ਦਾ ਨਿੱਤ ਦਾ ਕੰਮ ਹੋ ਗਿਆ। ਇੱਕ ਦਿਨ ਉੱਚੀ ਉੱਚੀ ਖੈਹਬੜ ਖਬੜ੍ਹਾਈ ਤੋਂ ਬਾਅਦ ਜੈਲਾ ਤਾਂ ਘਰੋਂ ਨਿਕਲ ਗਿਆ। ਅੰਬੋ ਬੇਬੇ ਹੌਲੀ ਦੇਣੀ ਜੈਲੇ ਦੇ ਘਰ ਜਾ ਵੜੀ ਅਤੇ ਬਹੂ ਨੂੰ ਸਮਝਾਉਣ ਲੱਗੀ, " ਸੁਣ ਕੁੜੀਏ! ਰੋਜ਼ ਪਿੱਟ ਸਿਆਪਾ ਪਾ ਕੇ ਕਿਹਨੂੰ ਦੋਸ਼ ਦਿੰਦੀ ਆਂ। ਨਿਆਣੇ ਕੋਈ ਨਵੇਂ ਜੰਮੇ ਆ ਤੈਨੂੰ, ਪਹਿਲਾਂ ਨੀ ਸੀ ਪਤਾ ਪਈ ਇਹਦੇ ਨਿਆਣੇ ਵੀ ਆ। ਤੇਰੀ ਮਾਂ ਨੇ ਤੈਨੂੰ ਐਦਾਂ ਤੋਰ ਦਿੱਤਾ ਜਿੱਦਾਂ ਕੋਈ ਬੱਕਰੀ ਜਾਂ ਛੇਲੀ ਦੀ ਸੰਗਲੀ ਕਿਸੇ ਦੇ ਹੱਥ ਫੜਾ ਦੇਈ ਦੀ ਆ। ਗਾਂ, ਮੱਝ ਦਾ ਸੰਗਲ ਦੂਏ ਦੇ ਹੱਥ ਫੜਾਉਂਣ ਤੋਂ ਪਹਿਲਾਂ ਵੀ ਬੰਦਾ ਸੌ ਵਾਰ ਸੋਚਦਾ ਪਰ ਤੁਸੀਂ ਤਾਂ .......ਨਾ ਕੋਈ ਵਿਆਹ, ਨਾ ਲਾਵਾਂ, ਨਾ ਚਾਦਰਦਾਰੀ, ਨਾ ਕੋਈ ਜਾਮਨ, ਨਾ ਪੰਚੈਤ....ਤੂੰ ਕਹਿੰਨੀ ਮੈਂ ਨੀ ਰਹਿਣਾ ਮੈਂ ਚੱਲੀ ਜਾਣਾ, ਕੌਣ ਥੁਆਡੀ ਸ਼ਾਹਦੀ ਭਰੂ। ਮੈਂ ਕਹਿੰਨੀ ਆਂ ਸ਼ੁਕਰ ਕਰ ਤੂੰ ਐਨਾ ਲੜ ਝਗੜਕੇ ਵੀ ਐਥੇ ਬੈਠੀ ਆਂ, ਨਹੀਂ ਤਾਂ ਅਗਲਾ ਜਦ ਮਰਜ਼ੀ ਤੇਰੀ ਬਾਂਹ ਫੜ ਕੇ ਕਹਿ ਦੇਵੇ ਪਈ ਜਾਹ ਆਪਣਾ ਰਾਹ ਮੱਲ....''।

ਬੇਬੇ ਦੀਆਂ ਸੱਚੀਆਂ ਪਰ ਕੌੜੀਆਂ ਗੱਲਾਂ ਸੁਣ ਕੇ ਬਹੂ ਚੁੱਪ ਕਰ ਗਈ। ਕੁੱਝ ਦਿਨ ਚੰਗੇ ਲੰਘੇ। ਫੇਰ ਕਲੇਸ਼ ਹੋਣ ਲਗ ਪਿਆ। ਜੈਲਾ ਕੁੜੀ ਨੂੰ ਆਪਣੀ ਭੈਣ ਦੇ ਘਰ ਛੱਡ ਆਇਆ। ਮੁੰਡੇ ਨੂੰ ਸ਼ਹਿਰ ਵਿੱਚ ਦੁਕਾਨ ਖੋਲ੍ਹ ਦਿੱਤੀ। ਆਪ ਵੀ ਸਵੇਰੇ ਸ਼ਹਿਰ ਚਲਾ ਜਾਂਦਾ, ਸ਼ਾਮ ਨੂੰ ਹੀ ਵਾਪਸ ਆਉਂਦਾ। ਮਗਰੋਂ ਬਣ-ਸੰਵਰ ਕੇ ਬਹੂ ਸਾਰਾ ਦਿਨ ਘੁੰਮਦੀ ਰਹਿੰਦੀ। ਜੈਲੇ ਦੇ ਆਉਂਦੇ ਨੂੰ ਮੰਜੇ 'ਤੇ ਪਈ ਹੁੰਦੀ, ਜਦੋਂ ਉਹ ਰੋਟੀ ਪੁੱਛਦਾ ਤਾਂ ਜਵਾਬ ਦਿੰਦੀ, "ਮੈਤੋਂ ਨੀ ਚੌਣੇ ਦੀਆਂ ਦੁੱਪੜਾਂ ਪੱਕਦੀਆਂ''।

ਸਾਰੇ ਦਿਨ ਦਾ ਥੱਕਿਆ ਹਾਰਿਆ ਤੇ ਭੁੱਖਣ ਭਾਣਾ ਜੈਲਾ ਤਲਵਿੰਦਰ ਦੇ ਦੋ ਚਾਰ ਜੜ ਦਿੰਦਾ। ਉਹ ਉੱਚੀ ਉੱਚੀ ਰੋਂਦੀ ਅਤੇ ਗਾਲ੍ਹਾਂ ਕੱਢਣ ਲਗ ਜਾਂਦੀ। ਕਈ ਵਾਰੀ ਤਾਂ ਉਹ ਜੈਲੇ ਦੇ ਹੱਥੀਂ ਵੀ ਉੱਤਰ ਆਉਂਦੀ। ਥੋੜ੍ਹੇ ਦਿਨੀ ਰੁੱਸ ਕੇ ਪੇਕੇ ਚਲੀ ਜਾਂਦੀ। ਕਈ ਦਿਨ ਤਾਂ ਜੈਲਾ ਚੁੱਪ ਚਪੀਤਾ ਰਹਿੰਦਾ। ਫੇਰ ਆਪ ਜਾ ਕੇ ਮਨਾ ਕੇ ਲੈ ਆਉਂਦਾ।

ਤਲਵਿੰਦਰ ਦੀਆਂ ਆਦਤਾਂ ਕਰ ਕੇ ਉਹ ਦੀ ਮਾਂ ਨੇ ਤਾਂ ਪਹਿਲਾਂ ਹੀ ਤੋਰ ਕੇ ਸ਼ੁਕਰ ਕੀਤਾ ਸੀ। ਦੋਬਾਰਾ ਆਉਣ 'ਤੇ ਉਹ ਫਿਰ ਸਮਝਾਉਂਦੀ, " ਦੇਖ ਧੀਏ! ਦੁਬਾਰਾ ਬਾਲਣ ਬਾਲਿਆ। ਮੈਨੂੰ ਸਤਾ ਨਾ, ਜਾ ਕੇ ਆਪਣੇ ਘਰ ਬਹਿ''। ਪਰ ਤਲਵਿੰਦਰ ਗੁੱਸੇ ਵਿੱਚ ਆਈ ਆਪਣੀ ਮਾਂ ਨੂੰ ਵੀ ਅਬਾ ਤਬਾ ਬੋਲ ਦਿੰਦੀ।

ਸਭ ਨੂੰ ਪਤਾ ਸੀ ਕਿ ਜੈਲੇ ਨੇ ਇਸ ਉਮਰ ਵਿੱਚ ਵਿਆਹ ਕਰਵਾ ਕੇ ਭਾਰੀ ਗਲਤੀ ਕੀਤੀ ਹੈ। ਪਰ ਮੂੰਹ 'ਤੇ ਕੌਣ ਕਹੇ। ਪਿੱਛੇ ਪਿੱਛੇ ਬਥੇਰਾ ਕਚ੍ਹੀਰਾ ਹੁੰਦਾ ਸੀ। ਕੋਈ ਕਹਿੰਦਾ, "ਕਲੇਸ਼ ਦਾ ਮਾਰਿਆ ਬਚਾਰਾ ਜੈਲਾ ਕੌਲ਼ਿਆਂ ਉਹਲੇ ਲੁਕਦਾ ਫਿਰਦਾ। ਡਾਢੀ ਤੀਮੀ ਬੀ ਕਿਸੇ ਦੀ ਨਾ ਹੋਵੇ''। ਕੋਈ ਕਹਿੰਦਾ, "ਕਲੇਸ਼ ਤੋਂ ਲੁਕਦਾ ਕਿ ਤੀਵੀਂ ਤੋਂ ਲੁਕਦਾ? ਉਹ ਵਿਚਾਰੀ ਜੁਆਨ ਜਹਾਨ। ਇਹ ਅੱਧ ਬੁੱਢ। ਹਰ ਵੇਲੇ ਡਾਂਗ ਤਾਂ ਈ ਖੜਕਦੀ ਰਹਿੰਦੀ ਆ''।

ਜਦੋਂ ਜੈਲਾ ਘਰੋਂ ਰੋਟੀ ਪਿੱਛੇ ਝਗੜਾ ਹੋਣ 'ਤੇ ਭਾਬੀਆਂ ਵੱਲ ਚਲਾ ਜਾਂਦਾ ਤਾਂ ਉਹ ਵਿਚਾਰੀਆਂ ਵਿੱਚੇ ਵਿੱਚ ਡਰਦੀਆਂ ਵੀ। ਫਿਰ ਘਰ ਆਏ ਨੂੰ ਰੋਟੀ ਵੇਲੇ ਰੋਟੀ ਖੁਆ ਦਿੰਦੀਆਂ। ਜਦੋਂ ਜੈਲਾ ਘਰ ਪਹੁੰਚਦਾ ਫਿਰ ਕਲੇਸ਼ ਹੁੰਦਾ।

" ਜਿਨ੍ਹਾਂ ਕੋਲ ਰੋਟੀ ਖਾ ਕੇ ਆਇਆਂ, ਉਨ੍ਹਾਂ ਕੋਲ ਹੀ ਸੌਂ ਜਾ ਕੇ....। ਉਹ ਤੈਨੂੰ ਰੋਟੀ ਨਹੀਂ ਖਲਾਉਂਦੀਆਂ, ਚਾਟੇ ਲਾਉਂਦੀਆਂ, ਪੁਰਾਣੀਆਂ ਗਿੱਝੀਆਂ ਹੋਈਆਂ। ਜੇ ਹਰ ਵੇਲੇ ਉਨ੍ਹਾਂ ਦੇ ਹੀ ਵੜੇ ਰਹਿਣਾ ਸੀ ਤਾਂ ਮੈਨੂੰ ਕਾਹਨੂੰ ਲਿਆਉਣਾ ਸੀ''।

ਇਕ ਦਿਨ ਸਵੇਰੇ ਹੀ ਜੈਲੇ ਦੇ ਘਰ ਪੁਲਿਸ ਆ ਗਈ। ਮੁਹੱਲੇ ਵਾਲੇ ਹੈਰਾਨੀ ਨਾਲ ਦੇਖਣ ਲੱਗੇ ਕਿ ਕੀ ਨਵਾਂ ਭਾਣਾ ਵਰਤਿਆ ਹੈ।

ਜੈਲੇ ਨੇ ਹੱਥ ਜੋੜ ਕੇ ਕਿਹਾ, "ਜਨਾਬ! ਹੁਕਮ ਕਰੋ''

ਸਿਪਾਹੀ ਬੋਲਿਆ "ਤਲਵਿੰਦਰ ਕੌਰ ਕੌਣ ਆ''?

ਤਲਵਿੰਦਰ ਕੌਰ ਅੰਦਰੋਂ ਆਈ।

" ਜੀ ਇਹ ਮੇਰੇ ਘਰੋਂ ਆ'', ਜੈਲਾ ਬੋਲਿਆ।

ਬਾਕੀ ਪੰਨਾ 32 'ਤੇ......

# ਮਨੁੱਖੀ ਅਧਿਕਾਰ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ

ਮਹਿੰਦਰ ਸਿੰਘ
ਭਲਿਆਣ



(ਹਰ ਸਾਲ 10 ਦਸੰਬਰ ਨੂੰ ਮਨੁੱਖੀ ਅਧਿਕਾਰ ਦਿਵਸ ਮਨਾਇਆ ਜਾਂਦਾ ਹੈ। ਮਨੁੱਖੀ ਅਧਿਕਾਰਾਂ ਦਾ ਉਦੇਸ਼ ਮਨੁੱਖ ਨੂੰ ਆਜ਼ਾਦ, ਖੁਸ਼ਹਾਲ ਤੇ ਸ਼ਾਂਤੀਭਰਪੂਰ ਜੀਵਨ ਪ੍ਰਦਾਨ ਕਰਨਾ ਹੈ। ਇਹ ਅਧਿਕਾਰ ਤਾਂ ਮਨੁੱਖ ਨੂੰ ਉਸ ਦੇ ਜਨਮ ਲੈਣ ਤੋਂ ਵੀ ਪਹਿਲਾਂ ਮਾਂ ਦੀ ਕੁੱਖ ਵਿੱਚ ਹੀ ਮਿਲ ਜਾਂਦੇ ਹਨ। ਮਨੁੱਖੀ ਅਧਿਕਾਰ ਜਾਤ, ਲਿੰਗ, ਕੌਮੀਅਤ, ਜਾਤੀ, ਭਾਸ਼ਾ, ਧਰਮ ਜਾਂ ਕਿਸੇ ਹੋਰ ਸਥਿਤੀ ਨੂੰ ਅਣਗੌਲਿਆਂ ਕਰ ਕੇ ਹਰ ਇੱਕ ਲਈ ਬਰਾਬਰ ਹਨ। ਇਨ੍ਹਾਂ 'ਚ ਖੁਸ਼ਹਾਲ ਜੀਵਨ, ਆਜ਼ਾਦੀ ਦਾ ਅਧਿਕਾਰ, ਗੁਲਾਮੀ ਤੋਂ ਆਜ਼ਾਦੀ, ਵਿਚਾਰਾਂ ਦੇ ਪ੍ਰਗਟਾਵੇ ਅਤੇ ਸਿੱਖਿਆ ਦਾ ਅਧਿਕਾਰ ਵਰਗੇ ਅਧਿਕਾਰ ਸ਼ਾਮਲ ਹਨ। ਇਹ ਉਹ ਅਧਿਕਾਰ ਹਨ ਜਿਨ੍ਹਾਂ ਬਿਨਾਂ ਇਨਸਾਨ ਕਾਬਿਲ ਹੋਣ ਦੇ ਬਾਵਜੂਦ ਤਰੱਕੀ ਨਾ ਕਰ ਸਕੇ, ਨਾਂ ਹੀ ਜ਼ਿੰਦਗੀ ਵਿੱਚ ਅਗਾਂਹ ਜਾ ਸਕੇ ਤੇ ਨਾ ਹੀ ਇਨਸਾਨ ਦੇ ਤੌਰ 'ਤੇ ਜ਼ਿੰਦਗੀ ਜੀਅ ਸਕੇ। ਇਹ ਅੱਗੇ ਕਿਸੇ ਨੂੰ ਦਿੱਤੇ ਨਹੀਂ ਜਾ ਸਕਦੇ ਤੇ ਨਾ ਹੀ ਇਨ੍ਹਾਂ ਨੂੰ ਮਿਟਾਇਆ ਜਾ ਸਕਦਾ ਹੈ ਕਿਉਂਕਿ ਇਹ ਜਨਮ-ਸਿੱਧ ਅਧਿਕਾਰ ਹਨ)- ਸੰਪਾਦਕ

ਮਨੁੱਖੀ ਅਧਿਕਾਰਾਂ ਦਾ ਸਾਰਾ ਢਾਂਚਾ ਹੀ ਧਰਮ 'ਤੇ ਖੜ੍ਹਾ ਹੈ। ਧਰਮ ਹੀ ਇਹ ਸਿਖਾਉਂਦਾ ਹੈ ਕਿ ਸਾਰੇ ਇਨਸਾਨ ਪ੍ਰਮਾਤਮਾ ਦੀ ਅੰਸ਼ ਹਨ, ਫਿਰ ਭੇਦ-ਭਾਵ ਕਿਉਂ ਹਨ? ਜ਼ਿਆਦਾਤਰ ਧਰਮਾਂ ਦੇ ਪੈਰੋਕਾਰ ਕੱਟੜਪੁਣੇ ਦੇ ਸ਼ਿਕਾਰ ਹਨ, ਵਰਨਾ ਸਾਰੇ ਧਰਮ ਪ੍ਰਮਾਤਮਾ ਪਾਸ ਪਹੁੰਚਣ ਦੇ ਅਲੱਗ-ਅਲੱਗ ਰਸਤੇ ਹਨ। ਸਿਤਮ ਦੀ ਗੱਲ ਹੈ ਕਿ ਹੋਰ ਜੰਗਾਂ ਵਿੱਚ ਐਨੇ ਇਨਸਾਨਾਂ ਦੀ ਜਾਨ ਨਹੀਂ ਗਈ ਜਿੰਨੇ ਧਰਮ ਦੀਆਂ ਲੜਾਈਆਂ ਵਿੱਚ ਮਾਰੇ ਗਏ ਹਨ, ਕਿਉਂਕਿ ਸਾਰਿਆਂ ਦੇ ਆਪਣੇ-ਆਪਣੇ ਰੱਬ ਹਨ। ਜੇ ਸਾਰੇ ਹੀ ਇੱਕ ਰੱਬ ਨੂੰ ਮੰਨਣ ਤਾਂ ਕੋਈ ਲੜਾਈ ਨਾ ਹੋਵੇ ਅਤੇ ਸ਼ਾਤੀ ਦਾ ਰਾਜ ਹੋਵੇ। ਮਨੁੱਖੀ ਅਧਿਕਾਰਾਂ ਦੀ ਰਾਖੀ ਵਜੋਂ ਸਭ ਤੋਂ ਵੱਡੀ ਮਿਸਾਲ ਇਤਿਹਾਸ ਵਿੱਚ ਸਿੱਖਾਂ ਦੇ ਨੌਵੇਂ ਗੁਰੂ ਦੀ ਕੁਰਬਾਨੀ ਹੈ ਜਿਨ੍ਹਾਂ ਨੇ ਮੱਤਭੇਦ ਹੋਣ ਦੇ ਬਾਵਜੂਦ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਤੇ ਹਿੰਦ ਦੀ ਚਾਦਰ ਅਖਵਾਉਂਣ ਦਾ ਸਬੂਤ ਦਿੱਤਾ। ਅਸਲ ਵਿੱਚ ਗੁਰੂ ਜੀ ਨੇ ਹੀ ਭਾਰਤ ਦੀ ਆਜ਼ਾਦੀ ਦਾ ਮੁੱਢ ਬੰਨ੍ਹਿਆਂ।

